# ਅੰਮ੍ਰਿਤ ਕੀਰਤਨ

ਸੰਗੀਤ ਅਤੇ ਕੀਰਤਨ ਦੀ ਜਾਣਕਾਰੀ ਦੇਣ ਵਾਲਾ ਮਾਸਿਕ ਰਸਾਲਾ

ਅੰਕ 8 | ਸਾਲ ਸੱਤਵਾਂ | ਅਗਸਤ, 1995

## ਇਸ ਅੰਕ ਵਿੱਚ

**ਅਰਦਾਸ ਕੀ ਹੈ ?**

ਡਾ. ਜਸਵੰਤ ਸਿੰਘ ਨੇਕੀ

**ਹੇਮਕੁੰਟ ਪਰਬਤ ਹੈ ਜਹਾਂ**

ਸੁਰਜੀਤ ਸਿੰਘ ਮਰਜਾਰਾ

**ਰਾਗ ਤਿਲੰਗ (ਸ਼ਬਦ ਸੁਰ ਲਿਪੀ)**

ਸੁਰਿੰਦਰ ਸਿੰਘ ਧਰਮਕੋਟ

**ਮਹਾਨ ਕੀਰਤਨੀਏ-ਭਾਈ ਸਮੁੰਦ ਸਿੰਘ ਜੀ**

ਜੀ.ਐਸ. ਸਰਦਾਰ

ਆਨਰੇਰੀ ਸੰਪਾਦਕ : ਡਾ. ਜਾਗੀਰ ਸਿੰਘ, 422 ਸੈਕਟਰ 15-ਏ, ਚੰਡੀਗੜ੍ਹ ਫੋਨ : 772660

# ਅੰਮ੍ਰਿਤ ਕੀਰਤਨ

ਅੰਕ 8 ਸਾਲ ਸੱਤਵਾਂ ਅਗਸਤ, 1995

**ਸੰਪਾਦਕ (ਆਨਰੇਰੀ)**
ਡਾ. ਜਾਗੀਰ ਸਿੰਘ ਐਮ.ਏ.
(ਸੰਗੀਤ, ਪੰਜਾਬੀ, ਧਾਰਮਿਕ ਅਧਿਐਨ)
ਪੀ-ਐਚ.ਡੀ.

**ਸਹਿਯੋਗੀ**
ਡਾ. ਤ੍ਰਿਲੋਚਨ ਸਿੰਘ ਤਰਸੀ
ਡਾ. ਕਰਨੈਲ ਸਿੰਘ ਸੋਮਲ
ਸ੍ਰ. ਹਰਿਭਜਨ ਸਿੰਘ ਚੋਪੜਾ
ਪ੍ਰੋ. ਸਤਵਿੰਦਰ ਸਿੰਘ

**ਚਿੱਤਰਕਾਰ**
ਗੁਰਦੀਪ ਸਿੰਘ ਦੀਪ

**ਚਿੱਠੀ ਪੱਤਰ ਲਈ ਪਤਾ :**
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ,
ਚੰਡੀਗੜ੍ਹ-160 015
ਫੋਨ : 772660

**ਚੰਦੇ ਦਾ ਵੇਰਵਾ**
ਇਕ ਕਾਪੀ 10 ਰੁਪਏ
ਦੇਸ਼ ਸਲਾਨਾ 100 ਰੁਪਏ
ਜੀਵਨ ਮੈਂਬਰ 1000 ਰੁਪਏ
ਵਿਦੇਸ਼ ਸਲਾਨਾ 500 ਰੁਪਏ
ਜੀਵਨ ਮੈਂਬਰ 5000 ਰੁਪਏ

1] ਅਰਦਾਸ ਕੀ ਹੈ ? 1
— ਡਾ: ਜਸਵੰਤ ਸਿੰਘ ਨੇਕੀ

2] ਹੇਮਕੁੰਟ ਪਰਬਤ ਹੈ ਜਹਾਂ 5
— ਸੁਰਜੀਤ ਸਿੰਘ ਮਰਜਾਰਾ

3] ਰਾਗ ਤਿਲੰਗ (ਸ਼ਬਦ-ਸੁਰ-ਲਿਪੀ) 20
— ਸੁਰਿੰਦਰ ਸਿੰਘ ਧਰਮਕੋਟ

4] ਮਹਾਨ ਕੀਰਤਨੀਏ-ਭਾਈ ਸਮੁੰਦ ਸਿੰਘ ਜੀ 22
—ਜੀ.ਐਸ. ਸਰਦਾਰ

**'ਅੰਮ੍ਰਿਤ ਕੀਰਤਨ' ਦੇ ਪੁਰਾਣੇ ਅੰਕ**

'ਅੰਮ੍ਰਿਤ ਕੀਰਤਨ' ਦੇ ਪਿਛਲੇ ਸਾਲਾਂ ਦੇ ਕੁਝ ਪੁਰਾਣੇ ਅੰਕ ਪ੍ਰਾਪਤ ਕਰਨ ਲਈ ਚਿੱਠੀ-ਪੱਤਰ ਕਰਨ ਦੀ ਕਿਰਪਾ ਕਰਨੀ।

**'ਅੰਮ੍ਰਿਤ ਕੀਰਤਨ' ਲਈ ਚੈਕ, ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।**

**ਨੋਟ :** ਲੇਖਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ । ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿਖਿਆ ਵਿਭਾਗ ਪੰਜਾਬ ਚੰਡੀਗੜ੍ਹ ਦੇ ਪੱਤਰ ਨੰ: 4-8-90 ਮਿਤੀ 20-2-91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬਰੇਰੀਆਂ ਲਈ ਪ੍ਰਵਾਨਿਤ ਹੈ।

# ਅਰਦਾਸ ਕੀ ਹੈ ?

—ਡਾ. ਜਸਵੰਤ ਸਿੰਘ ਨੇਕੀ

ਕਹਿੰਦੇ ਹਨ, ਇਕ ਚਰਵਾਹਾ ਜੰਗਲ ਵਿਚ ਭੇਡਾਂ ਬਕਰੀਆਂ ਚਾਰ ਰਿਹਾ ਸੀ। ਇੱਜੜ ਨੂੰ ਘਾਹ ਤੇ ਚਰਦਿਆਂ ਛੋੜ, ਆਪ ਇਕ ਪਾਸੇ ਇਕ ਬਿਰਖ ਦੀ ਛਾਵੇਂ ਬਹਿ ਗਿਆ ਤੇ ਡੂੰਘੀਆਂ ਸੋਚਾਂ ਵਿਚ ਗੜੂੰਦ ਹੋ ਗਿਆ। ਸੋਚੀਂ ਡੁੱਬੇ ਦੇ ਚਿਹਰੇ ਤੇ ਇਕ ਭਾਅ ਚਮਕਣ ਲਗੀ। ਉਸ ਦੇ ਬੁਲ੍ਹ ਫਰਕੇ ਤੇ ਉਹ ਕਹਿਣ ਲੱਗਾ, "ਹੇ ਰੱਬਾ! ਜੇਕਰ ਤੂੰ ਮੈਨੂੰ ਮਿਲ ਪਵੇਂ ਤਾਂ ਮੈਂ ਤੈਨੂੰ ਆਪਣੀਆਂ ਬਕਰੀਆਂ ਦਾ ਤਾਜ਼ਾ ਦੁੱਧ ਪਿਆਵਾਂ; ਤੇਰੇ ਕਪੜੇ ਧੋ ਦਿਆਂ; ਦਹੀ ਮਲ ਕੇ ਤੈਨੂੰ ਨੁਹਾਵਾਂ ਤੇ ਤੇਰੀ ਸਾਰੀ ਮੈਲ ਲਾਹ ਦਿਆਂ।"

ਇਤਫ਼ਾਕ ਨਾਲ ਹਜ਼ਰਤ ਮੂਸਾ ਉਧਰ ਦੀ ਲੰਘ ਰਹੇ ਸਨ। ਚਰਵਾਹੇ ਦੇ ਬੋਲ ਉਹਨਾਂ ਦੇ ਕੰਨੀ ਵੀ ਆਣ ਪਏ। ਰੱਬ ਦਾ ਅਜਿਹਾ ਹਾਸੋ ਹੀਣਾ ਚਿਤ੍ਰ ਸੁਣ ਕੇ ਉਹ ਕ੍ਰੋਧ ਵਿਚ ਆ ਗਏ। ਚਰਵਾਹੇ ਨੂੰ ਮੋਢਿਓਂ ਝੰਜੋੜ ਕੇ ਬੋਲੇ, "ਓ ਮੂਰਖਾ! ਤੂੰ ਰੱਬ ਨੂੰ ਕੀ ਜਾਤਾ ਹੈ? ਉਹ ਕੁਲ ਜਹਾਨ ਦਾ ਮਾਲਕ ਹੈ। ਤੇਰੇ ਬਾਕਰੇ ਦੁੱਧ ਦੀ ਉਸ ਨੂੰ ਕੀ ਪਰਵਾਹ ਪਈ ਹੈ? ਉਹ ਸਾਰੀ ਦੁਨੀਆਂ ਦੀ ਮੈਲ ਕਟਣ ਵਾਲਾ ਹੈ, ਤੂੰ ਉਸ ਦੀ ਮੈਲ ਕੱਟਣ ਨੂੰ ਫਿਰਦਾ ਹੈ? ਤੂੰ ਰੱਬ ਦੇ ਹਜ਼ੂਰ ਵਿਚ ਗੁਸਤਾਖ਼ੀ ਦੇ ਬਚਨ ਬੋਲੇ ਹਨ।"

ਕਹਿੰਦੇ ਹਨ, ਉਸ ਵੇਲੇ ਆਕਾਸ਼ ਬਾਣੀ ਹੋਈ: "ਮੂਸਾ! ਤੂੰ ਸੰਸਾਰ ਵਿਚ ਮਿਲਾਪ ਕਰਾਉਣ ਲਈ ਆਇਆ ਸੈਂ ਕਿ ਵਿਛੋੜੇ ਪਾਉਣ ਲਈ? ਤੂੰ ਮੇਰੇ ਭਗਤ ਨੂੰ ਮੈਥੋਂ ਵਿਛੋੜ ਦਿਤਾ ਹੈ। ਤੂੰ ਉਸ ਦੇ ਬੋਲਾਂ ਵਿਚ ਉਲਝ ਕੇ ਰਹਿ ਗਿਆ, ਉਸ ਦੀ ਭਾਵਨਾ ਨੂੰ ਨਹੀਂ ਸਮਝ ਸਕਿਆ। ਗੁਸਤਾਖ਼ੀ ਉਸ ਨੇ ਨਹੀਂ, ਤੂੰ ਕੀਤੀ ਹੈ।"

ਮੂਸਾ ਦੀਆਂ ਅੱਖਾਂ ਝੁਕ ਗਈਆਂ ਉਸ ਨੂੰ ਸਮਝ ਆ ਗਈ ਕਿ ਰੱਬ ਦਾ ਨੂਰ ਕੇਵਲ ਕੋਹਿ ਤੂਰ ਦੀਆਂ ਚੋਟੀਆਂ ਉਤੇ ਹੀ ਨਜ਼ਰ ਨਹੀਂ ਆਉਂਦਾ, ਭਾਵਨਾ ਨਾਲ ਕੀਤੀ ਅਰਦਾਸ ਦੇ ਬਲ ਨਾਲ ਮਨ ਦੀਆਂ ਡੂੰਘਾਣਾਂ 'ਚ ਵੀ ਪਰਗਟ ਆਣ ਹੋਂਦਾ ਹੈ।

ਅਰਦਾਸ ਬੋਲਾਂ ਦੀ ਨਹੀਂ, ਆਤਮਾ ਬਿਹਬਲਤਾ ਹੈ। ਇਸ ਦੀ ਅਵਾਜ਼ ਮਨ ਦੀਆਂ ਗਹਿਰਾਈਆਂ 'ਚੋਂ ਉਠਦੀ ਹੈ। ਆਕਾਸ਼ ਤਕ ਇਸ ਦੀ ਰਸਾਈ ਹੈ। ਜਿਹੜੀ ਪੁਕਾਰ ਕੇਵਲ ਕੰਠ ਵਿਚੋਂ ਉਠੇ, ਉਹ ਤਾਂ ਛਤ ਤੀਕਰ ਵੀ ਨਹੀਂ ਅਪੜ ਸਕਦੀ। ਆਕਾਸ਼ ਤੀਕਰ ਤਾਂ ਆਤਮਾ ਦੀ ਬਿਹਬਲਤਾ ਹੀ ਪਹੁੰਚਦੀ ਹੈ ਅਰਦਾਸ ਸ਼ਬਦਾਂ ਦਾ ਚਮਤਕਾਰ ਨਹੀਂ। ਗੱਲਾਂ ਨਾਲ ਤਾਂ ਖ਼ਸਮ ਰੀਝਦਾ ਨਹੀਂ। ਅਰਦਾਸ ਤਾਂ ਰੂਹ ਦਾ ਗੀਤ ਹੈ, ਜੋ ਗੀਤ ਵਾਂਗ

ਹੀ ਸ਼ਬਦਾਂ ਦੀ ਮੁਥਾਜੀ ਤੋਂ ਮੁਕਤ ਹੈ। ਇਹ ਤਾਂ ਧੁਰ ਅੰਦਰੋਂ ਉਠੀ ਦੁਹਾਈ ਹੈ ਜੋ ਬਿਰਹੋ ਵਾਂਗ ਜਾਗਦੀ ਤੇ ਦਾਤਾਰ ਮਾਲਕ ਦੀਆਂ ਮੇਹਰ-ਆਂਦਰਾ ਨੂੰ ਧੂਹ ਜਾ ਪਾਂਦੀ ਹੈ। ਇਹ ਕਾਇਆਂ ਦੀ ਡੰਡੌਤ ਨਹੀਂ, ਆਤਮਾ ਦਾ ਸਿਜਦਾ ਹੈ। ਜੁੜੇ ਹੱਥ ਅਤੇ ਝੁਕਿਆ ਸੀਸ ਤਾਂ ਅੰਦਰਲੇ ਸਮਰਪਨ ਦੇ ਬਾਹਰੀ ਚਿੰਨ੍ਹ ਹਨ। ਜੇਕਰ ਅਸਾਂ ਰਿਦਾ ਨਹੀਂ ਅਰਪਿਆ, ਤਾਂ ਸੀਸ ਨਿਵਾਉਣ ਦੇ ਕੋਈ ਅਰਥ ਨਹੀਂ।

ਦੀਰਘ ਦ੍ਰਿਸ਼ਟੀ ਨਾਲ ਵੇਖੀਏ ਤਾਂ ਮਨੁੱਖ ਦਾ ਇਤਿਹਾਸ ਸੁਧਾ ਅਰਦਾਸ ਦਾ ਇਤਿਹਾਸ ਬਣ ਨਿਤਰਦਾ ਹੈ। ਜੋ ਇਤਿਹਾਸ ਆਮ ਪੜ੍ਹਾਇਆ ਜਾਂਦਾ ਹੈ ਉਹ ਤਾਂ ਬਸ ਰਾਜਿਆਂ-ਮਹਾਰਾਜਿਆਂ, ਹਾਕਮਾਂ-ਹੁਕਮਰਾਨਾਂ, ਜਾਬਰਾਂ-ਜਰਵਾਣਿਆਂ, ਧਾੜਵੀਆਂ-ਹਮਲਾਵਰਾਂ, ਵਿਦ੍ਰੋਹੀਆਂ-ਗ਼ਦਾਰਾਂ ਦੀਆਂ ਦਾਸਤਾਨਾਂ ਹੀ ਦਸਦਾ ਹੈ। ਉਹਨਾਂ ਅਨ-ਗਿਣਤ ਲੋਕਾਂ ਬਾਰੇ ਕੱਖ ਨਹੀਂ ਦਸਦਾ ਜੋ ਇਹਨਾਂ ਸਭਨਾਂ ਦੇ ਜਬਰ ਦਾ ਸ਼ਿਕਾਰ ਬਣੇ। ਕੀਰਨੇ ਪਾਂਦੀ ਦੇਖੀ ਲੋਕਾਈ ਬਾਰੇ ਇਹ ਇਕ ਅੱਖਰ ਨਹੀਂ ਬੋਲਦਾ। ਇਤਿਹਾਸ ਦੀ ਇਸ ਨਿਰਦਈ ਖ਼ਾਮੋਸ਼ੀ ਦੇ ਬਾਵਜੂਦ ਅਸੀਂ ਨਿਰਸੰਦੇਹ ਆਖ ਸਕਦੇ ਹਾਂ ਕਿ ਸੋਗਵਾਨ ਹਿਰਦੇ ਅਵੱਸ਼ ਕਿਸੇ ਰੱਬ ਅਗੇ ਵਿਲਲਾਏ ਹੋਣਗੇ। ਉਸ ਦੇ ਨਾਮ ਦੇ ਉਹਨਾਂ ਕੀਰਨੇ ਪਾਏ ਹੋਣਗੇ। ਸਹਾਇਤਾ ਲਈ ਪੁਕਾਰ ਕੀਤੀ ਹੋਵੇਗੀ। ਉਹਨਾਂ ਦੇ ਆਤਰ ਬੋਲ ਅਰਦਾਸ ਹੀ ਤਾਂ ਸਨ। ਇੰਝ ਵੇਖੀਏ ਤਾਂ ਮਨੁੱਖੀ ਇਤਿਹਾਸ ਸਾਂਗੋ ਪਾਂਗ ਅਰਦਾਸ ਦਾ ਇਤਿਹਾਸ ਹੀ ਦਿਸਦਾ ਹੈ। ਅਰਦਾਸ ਵਿਚ ਜੁੜਿਆ ਮਨ, ਇਸੇ ਲਈ, ਇਕੱਲਾ ਨਹੀਂ ਹੋਂਦਾ। ਉਹ ਤਾਂ ਮਾਨਵ-ਪੀੜਾ ਦੇ ਸਮੁਚੇ ਇਤਿਸਾਸ ਨਾਲ ਜੁੜਿਆ ਹੁੰਦਾ ਹੈ। ਅਰਦਾਸ ਦੀ ਗੋਦੀ ਵਿਚ ਤਾਂ ਸਮਸਤ ਦੁਖੀ ਮਨੁੱਖਤਾ ਦੀ ਭਾਵੁਕ ਇਕਮੁੱਠਤਾ ਦਿਸ ਆਉਂਦੀ ਹੈ।

ਅਸੀਂ ਸਾਰੇ ਦੁਖਾਂ-ਦਰਦਾਂ ਮਾਰੇ ਹਾਂ। ਲਾਚਾਰੀਆਂ ਸਾਡੀਆਂ ਵੱਡੀਆਂ ਹਨ, ਬਲ ਸਾਡਾ ਨਿਗੂਣਾ। ਹੋਂਦ ਸਾਡੀ ਅਵਿਰਲ ਤਰੁਟੀਆਂ ਦੀ ਵਿਥਿਆ ਹੈ। ਹਰ ਪਲ ਅਸੀਂ ਕਿਸੇ ਬਲਵਾਨ ਆਸਰੇ ਦੇ ਮੁਤਲਾਸ਼ੀ ਹਾਂ। ਲਾਚਾਰਗੀ ਦੀ ਭੋਇੰ ਤੋਂ ਜਦ ਵੀ ਅਸੀਂ ਕਿਸੇ ਕਲਾਵਾਨ ਆਸਰੇ ਨੂੰ ਹਾਕ ਮਾਰਦੇ ਹਾਂ ਤਾਂ ਅਰਦਾਸ ਕਰ ਰਹੇ ਹੁੰਦੇ ਹਾਂ। ਅਰਦਾਸ ਤਾਂ ਹੈ ਹੀ ਪਰਮ ਸੱਤਾ ਨੂੰ ਆਪਣੀਆਂ ਲੋੜਾ-ਥੋੜਾਂ ਵਿਚ ਪ੍ਰਵੇਸ਼ ਕਰਨ ਦਾ ਸੱਦਾ ਦੇਣਾ। ਜਿਸ ਨੇ ਆਪ ਸਾਨੂੰ ਘੜਿਆ ਹੈ, ਸਾਡੀ ਨਿਰਬਲਤਾ ਦਾ ਉਸ ਤੋਂ ਵੱਧ ਕੌਣ ਜਾਣੂ ਹੈ? ਤਦੇ ਤਾਂ ਸਾਡੀ ਬੇਵੱਸ ਮਿੱਟੀ ਨੂੰ ਉਸ ਨੇ ਪੁਕਾਰ ਕਰਨ ਦਾ ਉਚੇਚਾ ਹੱਕ ਦੇ ਰਖਿਆ ਹੈ। ਉਸ ਨੂੰ ਪੁਕਾਰਨ ਦੇ ਇਸ ਹੱਕ ਦਾ ਨਾਮ ਹੀ ਅਰਦਾਸ ਹੈ। ਜਦ ਵੀ ਕੋਈ ਵਿਆਕੁਲ ਆਤਮਾ, "ਹੇ ਮੇਰੇ ਪਿਤਾ!" ਦੀ ਪੁਕਾਰ ਕਰਦੀ ਹੈ, "ਹਾਂ ਮੇਰੇ ਬੱਚੇ!" ਦਾ ਪਿਆਰ-ਹੁੰਗਾਰਾ ਉਸ ਨੂੰ ਅਵੱਸ਼ ਪ੍ਰਾਪਤ ਹੁੰਦਾ ਹੈ।

ਕੁਝ ਵਿਦਵਾਨਾਂ ਅਨੁਸਾਰ 'ਅਰਦਾਸ' ਸ਼ਬਦ ਫ਼ਾਰਸੀ ਦੇ 'ਅਰਜ਼ਦਾਸ਼ਤ' ਦਾ ਸੰਖੇਪਿਆ ਰੂਪ ਹੈ। 'ਅਰਜ਼' ਦੇ ਅਰਥ ਹਨ ਬੇਨਤੀ; ਦਾਸਤਾਨ ਦੇ ਅਰਥ ਹਨ ਰਖਣਾ ਯਾ ਪੇਸ਼ ਕਰਨਾ। ਇਉਂ ਅਰਜ਼ਦਾਸ਼ਤ (ਅਥਵਾ ਅਰਦਾਸ) ਦਾ ਅਰਥ ਹੋਇਆ ਕਿਸੇ ਅੱਗੇ ਆਪਣੀ ਬੇਨਤੀ ਰਖਣੀ। ਹੋਰ ਕੁਝ ਵਿਦਵਾਨਾਂ ਨੇ ਇਸ ਸ਼ਬਦ ਨੂੰ ਫ਼ਾਰਸੀ ਦੀ

ਬਜਾਏ ਸੰਸਕ੍ਰਿਤ ਵਿਚੋਂ ਆਇਆ ਮੰਨਿਆ ਹੈ। ਉਨ੍ਹਾਂ ਦੇ ਮਤ ਅਨੁਸਾਰ ਇਹ 'ਅਰਦੰ' (=ਮੰਗਣਾ) ਤੇ 'ਆਸ' (=ਮੁਰਾਦ) ਦੀ ਸੰਧੀ ਤੋਂ ਬਣਿਆ ਹੈ, ਤੇ ਇਸ ਦਾ ਅਰਥ ਹੈ ਮੁਰਾਦ ਮੰਗਣ ਦੀ ਕਿਰਿਆ। ਇਹ ਸ਼ਬਦ ਭਾਵੇਂ ਫ਼ਾਰਸੀ 'ਚੋਂ ਆਇਆ ਹੈ, ਭਾਵੇਂ ਸੰਸਕ੍ਰਿਤ ਵਿਚੋਂ, ਗੁਰਮਤਿ ਵਿਚ ਇਸ ਨੇ ਉਚੇਚੇ ਅਰਥ ਧਾਰਨ ਕਰ ਲਏ ਹਨ। ਸਿੱਖ ਇਸਤਲਾਹ ਵਿਚ 'ਅਰਦਾਸ' ਪੰਥ ਦੀ ਸਮੂਹਕ ਚੇਤਨਾ ਵਿਚੋਂ ਉਪਜਿਆ ਉਹ ਵਿਸ਼ੇਸ਼ ਬੇਨਤੀ-ਨਾਮਾ ਹੈ ਜਿਸ ਰਾਹੀਂ ਪੰਥ ਦੀਆਂ ਸਮੂਹਕ ਆਕਾਂਖਿਆਵਾਂ ਤੇ ਉਸ ਦੇ ਜੀਆਂ ਦੀਆਂ ਵਿਅਕਤੀਗਤ ਜੋਦੜੀਆਂ ਨੂੰ ਦਾਤਾਰ ਵਾਹਿਗੁਰੂ ਅੱਗੇ ਪੇਸ਼ ਕਰ ਕੇ ਉਸ ਦੇ ਭਾਣੇ ਵਿਚ ਸਰਬੱਤ ਦਾ ਭਲਾ ਮੰਗਿਆ ਜਾਂਦਾ ਹੈ।

ਕੁਝ ਵਿਦਵਾਨਾਂ ਨੇ ਅਰਦਾਸ ਦਾ ਅੱਖਰੀ ਵਿਵੇਚਨ ਵੀ ਕੀਤਾ ਹੈ। ਉਹ ਇਸ ਪ੍ਰਕਾਰ ਹੈ :

ਅ = ਅੰਤਰਜਾਮੀ ਜੋ ਸਾਡੇ ਅੰਦਰ ਬੈਠਾ ਘਟ ਘਟ ਦੀਆਂ ਜਾਣਦਾ ਹੈ।

ਰ = ਰਾਖਾ ਜਾਂ ਰਖਵਾਲਾ।

ਦਾ = ਦਾਤਾਰ ਜੋ ਸਭਨਾਂ ਜੀਆਂ ਨੂੰ ਅਣਮੰਗਿਆਂ ਦਾਨ ਦੇਂਦਾ ਹੈ।

ਸ = ਸਹਾਰਾ, ਆਸਰਾ ਜਾਂ ਓਟ।

ਇਸ ਵਿਵੇਚਨ ਅਨੁਸਾਰ 'ਅਰਦਾਸ' ਉਸ 'ਅੰਤਰਜਾਮੀ', ਸਰਬੱਤ ਦੇ 'ਰਖਵਾਲੇ' 'ਦਾਤਾਰ' ਪ੍ਰਭੂ ਦਾ 'ਸਹਾਰਾ' ਭਾਲਣਾ ਹੈ।

ਅਰਦਾਸ, ਭਾਵਨਾ ਭਰੀ ਅਰਾਧਨਾ ਦਾ ਮੁਖ ਸਾਧਨ ਹੈ; ਇਹੀ ਉਹ ਦਸਤਕ ਹੈ ਜਿਸ ਨਾਲ ਦਰਗਾਹ ਦਾ ਦਰਵਾਜ਼ਾ ਖੁਲ੍ਹਦਾ ਹੈ। ਇਹੋ ਉਹ ਕੁੰਜੀ ਹੈ ਜਿਸ ਨਾਲ ਮਨ ਦਾ ਤਾਕ ਤੇ ਦਰਗਾਹ ਦਾ ਦੁਆਰ ਦਰ-ਅਸਲ ਇਕੋ ਵਸਤ ਹਨ।

ਲੋੜਾਂ ਮਾਰੇ ਅਸੀਂ ਸਦਾ ਲੋੜਾਂ-ਥੋੜਾਂ ਦੀ ਪੂਰਤੀ ਲਈ ਅਰਦਾਸ ਕਰਦੇ ਆਏ ਹਾਂ। ਇਸ ਤਰ੍ਹਾਂ ਦੀਆਂ ਪ੍ਰਾਰਥਨਾਵਾਂ ਅਰਦਾਸ ਦਾ ਮੁੱਢ ਹੀ ਬਣਦੀਆਂ ਹਨ, ਉਸ ਦਾ ਓੜਕ ਨਹੀਂ ਮਿਥਦੀਆਂ। ਉੱਚੀ ਅਰਦਾਸ ਤਾਂ ਆਤਮਕ ਪਰਿਪੂਰਨਤਾ ਲਈ ਉੱਠੀ ਵਿਲਕਣੀ ਹੋਂਦੀ ਹੈ। ਐਸੀ ਅਰਦਾਸ ਸਿਦਕ ਦੀਆਂ ਬਾਹਾਂ ਅੱਡ, ਭਾਵਨਾ ਨਾਲ ਪ੍ਰੀਤਮ ਦੀ ਉਡੀਕ ਕਰਦੀ ਹੈ। ਅਸਲ ਅਰਦਾਸ ਤਾਂ ਆਪਣੀ ਬਿਹਬਲ ਆਤਮਾ ਨੂੰ ਵਾਹਿਗੁਰੂ ਜੀ ਅੱਗੇ ਨੰਗਿਆਂ ਕਰਨਾ ਹੈ। ਇਹ ਵਿਆਕੁਲ ਮਨਾਂ ਦੀ ਪੁਕਾਰ ਹੀ ਨਹੀਂ, ਮਾਯੂਸ ਦਿਲਾਂ ਦਾ ਸਹਾਰਾ ਵੀ ਬਣਦੀ ਹੈ।

ਸਭ ਤੋਂ ਅੱਵਲ, ਅਰਦਾਸ, ਆਪਣੇ ਕਰਤੇ ਦੀ ਕਿਰਤ ਹੋਣ ਦਾ ਇਕਬਾਲ ਹੈ। ਹੱਦਾਂ ਵਿਚ ਵਿਚਰਦਿਆਂ ਅਨਾਹਦ ਨਾਲ ਜੁੜਨ ਦਾ ਉਪਰਾਲਾ ਹੈ। ਰੱਬੀ ਮੇਹਰ ਕੇਵਲ ਸਾਡੀ ਪੁਕਾਰ ਦਾ ਹੁੰਗਾਰਾ ਹੀ ਨਹੀਂ ਭਰਦੀ; ਉਹ ਤਾਂ ਖਹਿਲੋਂ ਇਸ ਪੁਕਾਰ ਦੀ ਆਵਾਜ਼ ਬਣ ਕੇ ਆਉਂਦੀ ਹੈ। ਇਹ ਮਿਹਰਾਮਤ ਹੀ ਤਾਂ ਸਾਡੇ ਅੰਦਰੋਂ ਅਰਦਾਸ ਬਣ ਕੇ ਨਿਕਲਦੀ ਹੈ।

ਅਰਦਾਸ ਰੱਬ ਨਾਲ ਗੋਸ਼ਟੀ ਹੈ; ਉਸੇ ਨਾਲ ਮਸਲਤ ਹੈ। ਉਹੀ ਤਾਂ ਸਾਡਾ ਸਭੋ ਕੁਝ ਹੈ—ਮਾਤਾ-ਪਿਤਾ, ਭੈਣ-ਭਾਈ, ਪ੍ਰੇਮੀ-ਭਰਤਾ, ਨਾਇਕ-ਖਸਮ, ਸੱਜਣ-ਸੈਣ, ਸਾਕ-ਸੰਬੰਧੀ; ਕੀ ਨਹੀਂ ਉਹ ਸਾਡਾ? ਤਦੇ ਸਾਡਾ ਹਰ ਸਲਾਹ-ਮਸ਼ਵਰਾ ਉਸੇ ਨਾਲ ਬਣਦਾ ਹੈ। ਜੋ ਸਾਡੇ ਦਿਲਾਂ ਦਾ ਜਾਣੂ ਹੈ, ਅੰਗ ਸੰਗ ਹੋ ਕੇ ਸਾਡੀ ਨਿਗਾਹਬਾਨੀ ਕਰਦਾ ਹੈ ਉਸ ਦਾ ਨਿਰਮਲ ਭਰੋਸਾ ਹੀ ਸਾਡੀ ਅਰਦਾਸ ਦਾ ਆਧਾਰ ਬਣ ਸਕਦਾ ਹੈ।

ਅਰਦਾਸ ਕੇਵਲ ਬੇਨਤੀ ਯਾ ਪ੍ਰਾਰਥਨਾ ਹੀ ਨਹੀ, ਇਸ ਦੇ ਕਈ ਪਾਸਾਰ ਹਨ। ਇਹ, ਮਾਲਕ ਦਾ ਸ਼ੁਕਰਾਨਾ ਥੀ ਕੇ, ਉਸ ਦੀ ਸਿਫ਼ਤ-ਸਲਾਹ ਬਣ ਕੇ, ਸਦਕੇ ਦੀ ਭਾਵਨਾ ਨਾਲ ਭਰੀਜ ਕੇ, ਜਾਂ ਮਾਲਕ ਵਲ ਉਡਾਰੀ ਮਾਰਨ ਦੀ ਬਿਹਬਲਤਾ ਨਾਲ ਤੜਪ ਕੇ ਵੀ ਪ੍ਰਗਟ ਹੋ ਸਕਦੀ ਹੈ। ਪਛਤਾਵੇ ਦੇ ਹੰਝੂਆਂ ਨਾਲ ਭਿੱਜ ਕੇ, ਤੇ ਨਵੀਂ ਕਿਸੇ ਪ੍ਰਤਿਗਿਆ ਦਾ ਬਚਨ ਬਣ ਕੇ ਵੀ ਰੂਪਮਾਨ ਹੋ ਸਕਦੀ ਹੈ। ਬੋਲਾਂ ਨਾਲ ਇਸ ਦਾ ਵਿਚਿਤ੍ਰ ਸੰਬੰਧ ਹੈ। ਬੋਲੀ ਹੀ ਸਾਡੇ ਮਨ ਦੀ ਬਿਹਬਲਤਾ ਨੂੰ ਪ੍ਰਗਣ ਕਰਦੀ ਹੈ। ਅਰਦਾਸ ਦਾ ਵਾਹਨ ਹੀ ਨਹੀਂ, ਕਈ ਵਾਰ ਤਾਂ ਇਹ ਅਰਦਾਸ ਦਾ ਤੱਤ ਸਾਰ ਹੀ ਬਣ ਜਾਂਦੀ ਹੈ। ਜਿਨ੍ਹਾਂ ਸਿਦਕਵਾਨਾਂ ਸਿੱਖ ਅਰਦਾਸ ਦੇ ਬੋਲ ਸਿਰਜੇ, ਨਿਰਸੰਦੇਹ ਬੜੀ ਕਮਾਈ ਵਾਲੇ ਲੋਕ ਹਨ। ਅਰਦਾਸ ਦਾ ਇਕ ਇਕ ਵਾਕ ਉਨ੍ਹਾਂ ਜ਼ਿੰਦਗੀ ਵਿਚ ਕਮਾ ਕੇ ਸਿਰਜਿਆ ਹੈ। ਜਿਤਨਾ ਸੁਹਣਾ ਉਹਨਾਂ ਜੀਵਿਆ, ਓਡੀ ਸੁਹਿਰਦਤਾ ਨਾਲ ਛੁਲਕਦੇ ਉਹਨਾਂ ਦੇ ਵਾਕ ਹਨ। ਉਹਨਾਂ ਦੀ ਅਧਿਆਤਮਕ ਉੱਚਤਾ, ਤੇ ਸਿਦਕ ਦੀ ਪ੍ਰਪੱਕਤਾ ਅਗੇ ਹਰ ਜਿਗਿਆਸੂ ਸਿਰ ਆਪ ਮੁਹਾਰੇ ਝੁਕ ਜਾਂਦਾ ਹੈ। ਅਰਦਾਸ ਦੇ ਉਚੇਰੇ ਮੰਡਲਾਂ ਵਿਚ ਦੀ ਰਹਿਮਤ ਦਾ ਅਨੁਭਵ ਅਵਿਰਲ ਵਰਤਦਾ ਹੈ, ਤਦ ਮੰਗਣ ਮੁਕ ਜਾਂਦਾ ਹੈ। ਬੋਲ ਖੜੋਤ ਵਿਚ ਆ ਜਾਂਦੇ ਹਨ। ਓਦੋਂ ਅਰਦਾਸ ਕੀਤੀ ਨਹੀਂ ਜਾਂਦੀ, ਜੀਵੀ ਜਾਂਦੀ ਹੈ।

ਸਿਦਕਵਾਨ ਸਦਾ ਰਜ਼ਾ ਵਿਚ ਰਹਿ ਕੇ ਅਰਦਾਸ ਕਰਦਾ ਹੈ। ਅਰਜ਼ੋਈ ਦੀ ਪੂਰਤੀ ਨੂੰ ਮਾਲਕ ਦੀ ਦਾਤ ਮੰਨਦਾ ਹੈ, ਅਪੂਰਤੀ ਨੂੰ ਮਾਲਕ ਦੀ ਸਿਆਣਪ। ਹਰ ਹਾਲ ਆਪਣੇ ਆਪ ਨੂੰ ਮਾਲਕ ਦੀ ਨਦਰ ਦਾ ਭਾਗੀ ਜਾਣਦਾ ਹੈ। ਐਸਾ ਸਿ ਕ ਹੁੰਦਾ ਹੈ ਅਰਦਾਸ ਦੇ ਸੱਚੇ ਸਾਧਕਾਂ ਦਾ!

('ਅਰਦਾਸ' ਵਿਚੋਂ ਧੰਨਵਾਦ ਸਹਿਤ)

# ਹੇਮ ਕੁੰਟ ਪਰਬਤ ਹੈ ਜਹਾਂ

—ਸੁਰਜੀਤ ਸਿੰਘ ਮਰਜਾਰਾ

ਮੰਡੀ ਗੋਬਿੰਦਗੜ੍ਹ ਤੋਂ ਅੱਸੀ ਕੁ ਸ਼ਰਧਾਲੂਆਂ ਦਾ ਇਕ ਜਥਾ ਸ੍ਰੀ ਹੇਮ ਕੁੰਟ ਸਾਹਿਬ ਲਈ ਰਵਾਨਾ ਹੋਇਆ। ਬਹੁਤੇ ਮੈਂਬਰ ਇਕ ਵੱਡੀ ਬਸ ਰਾਹੀਂ ਪਹਿਲਾਂ ਰਿਸ਼ੀਕੇਸ਼ ਦੇ ਗੁਰਦੁਆਰਾ ਸ੍ਰੀ ਹੇਮ ਕੁੰਟ ਸਾਹਿਬ ਪੁੱਜੇ ਸਨ। ਕਈ ਆਪਣੇ ਹੀ ਤੌਰ ਤੇ ਬਸਾਂ ਤੇ ਰੇਲ ਗੱਡੀ ਰਾਹੀਂ ਰਿਸ਼ੀਕੇਸ਼ ਆ ਮਿਲੇ ਸਨ। ਮੈਂ ਤੇ ਮੇਰਾ ਵੱਡਾ ਭਤੀਜਾ ਗੁਰਸੇਵਕ ਰੇਲ ਗੱਡੀ ਰਾਹੀਂ ਰਿਸ਼ੀਕੇਸ਼ ਜਾ ਕੇ ਇਸ ਜਥੇ ਨਾਲ ਮਿਲੇ ਸਾਂ। ਹੇਮ ਕੁੰਟ ਸਾਹਿਬ ਦੀ ਇਸ ਯਾਤਰਾ ਦਾ ਸਾਰਾ ਪ੍ਰਬੰਧ ਗੁਰੂ ਘਰ ਦੇ ਪ੍ਰੇਮੀ ਤੇ ਉਤਸ਼ਾਹੀ ਜਨ ਸ: ਅਮਰਜੀਤ ਸਿੰਘ ਜੀ ਅਤੇ ਸੁਨੇਖ ਰਾਮ ਬਨਾਰਸੀ ਦਾਸ ਮਿਲਜ਼ ਵੱਲੋਂ ਕੀਤਾ ਗਿਆ ਸੀ। ਰਿਸ਼ੀਕੇਸ਼ ਵਿਖੇ ਸਾਰਿਆਂ ਨੇ ਲਛਮਣ ਝੂਲੇ, ਸੁਰਗ ਆਸ਼ਰਮ, ਗੰਗਾ ਜਲ ਦੀ ਪਵਿੱਤਰਤਾ ਅਤੇ ਰਿਸ਼ੀਕੇਸ਼ ਦੀ ਹੋਰ ਕੁਦਰਤੀ ਸੁੰਦਰਤਾ ਦਾ ਅਨੰਦ ਮਾਣਿਆ, ਪਰੰਤੂ ਹੇਮ ਕੁੰਟ ਸਾਹਿਬ ਦੇ ਦਰਸ਼ਨਾਂ ਲਈ ਸਾਰਿਆਂ ਵਿਚ ਇਕ ਸ਼ਰਧਾਮਈ ਚਾਅ, ਇਕ ਉਤਸ਼ਾਹ ਠਾਠਾਂ ਮਾਰ ਰਿਹਾ ਸੀ।

ਰਿਸ਼ੀਕੇਸ਼ ਤੋਂ ਸ੍ਰੀ ਨਗਰ ਲਈ ਰਵਾਨਾ ਹੋਏ ਤਾਂ ਪਹਾੜੀਆਂ ਦੀ ਚੜ੍ਹਾਈ ਇਕ ਪਾਸੇ ਤੇ ਦੂਜੇ ਪਾਸੇ ਡੂੰਘੀਆਂ ਖੱਡਾਂ। ਨਜ਼ਾਰਾ ਬੜਾ ਹੁਸੀਨ ਸੀ। ਰਸਤੇ ਵਿਚ ਇਕ ਹੋਰ ਨਗਰ ਆਇਆ 'ਕੀਰਤੀ ਨਗਰ' ਪਹਾੜੀ ਸ਼ਹਿਰ। ਡੂੰਘੀਆਂ ਖੱਡਾਂ ਅਤੇ ਪਹਾੜੀ ਉਚਾਈਆਂ ਦਰਮਿਆਨ ਸਫਰ ਕਰਦੇ ਅਸੀਂ ਸ੍ਰੀ ਨਗਰ ਪਹੁੰਚ ਗਏ। ਸ੍ਰੀ ਨਗਰ ਇਸ ਇਲਾਕੇ ਦਾ ਪ੍ਰਸਿੱਧ ਸ਼ਹਿਰ ਹੈ। ਇਸ ਨਗਰ ਬਾਰੇ ਆਮ ਤੌਰ ਤੇ ਭੁਲੇਖਾ ਵੀ ਪੈ ਜਾਂਦਾ ਹੈ, ਕਿਉਂਕਿ ਇਕ ਸ੍ਰੀ ਨਗਰ ਜੰਮੂ ਕਸ਼ਮੀਰ ਦੀ ਗਰਮੀਆਂ ਰੁੱਤ ਦੀ ਰਾਜਧਾਨੀ ਵੀ ਹੈ। ਇਹ ਸ੍ਰੀ ਨਗਰ ਕਿਸੇ ਵੇਲੇ ਸ੍ਰੀ ਨਗਰ ਰਿਆਸਤ ਦੀ ਰਾਜਧਾਨੀ ਸੀ, ਅਜ ਵੀ ਕਈ ਗੱਲਾਂ ਕਾਰਨ ਵਿਸ਼ੇਸ਼ਤਾ ਰੱਖਦਾ ਹੈ। ਇਸ ਦੇ ਉਪਰ ਪਹਾੜੀਆਂ ਵੱਲ ਦੂਰ ਉਤਾਂਹ ਨਿਗਾਹ ਮਾਰਿਆਂ ਇਕ ਵੱਡਾ ਕੰਪਲੈਕਸ ਫੈਲਿਆ ਹੋਇਆ ਨਜ਼ਰ ਆਉਂਦਾ ਹੈ। ਇਹ ਇਥੋਂ ਦੀ ਗੜ੍ਹਵਾਲ ਯੂਨੀਵਰਸਿਟੀ ਹੈ, ਜੋ ਇਸ ਸ੍ਰੀ ਨਗਰ ਦਾ ਇਕ ਵਿਸ਼ੇਸ਼ ਵਿਦਿਅਕ ਕੇਂਦਰ ਹੈ। ਧਾਰਮਕ ਪੱਖੋਂ ਵੀ ਇਹ ਥਾਂ ਘੱਟ ਪ੍ਰਸਿੱਧ ਨਹੀਂ। ਇਥੇ ਵੱਖ-ਵੱਖ ਦੇਵੀ-ਦੇਵਤਿਆਂ ਦੇ ਪੰਜਾਹ-ਸੱਠ ਮੰਦਰ ਦੱਸੇ ਜਾਂਦੇ ਹਨ, ਜਿਹਨਾਂ ਵਿਚੋਂ ਕਮਲੇਸ਼ਵਰ ਦਾ ਮੰਦਰ ਬਹੁਤ ਪ੍ਰਸਿੱਧ ਹੈ। ਹੇਮ ਕੁੰਟ ਸਾਹਿਬ ਜਾਣ ਵਾਲੇ ਯਾਤਰੂਆਂ ਲਈ ਇਹ ਅਸਥਾਨ ਪਹਿਲੀ ਵਿਸ਼ਰਾਮ-ਗਾਹ ਸਮਝਿਆ ਜਾਂਦਾ ਹੈ। ਅਲਖ ਨੰਦਾ ਦੇ ਕੰਢੇ ਵਸੇ ਇਸ ਸ਼ਹਿਰ 'ਤੇ ਕੋਟ ਦੁਆਰ ਤੋਂ ਬਦਰੀ ਨਾਥ ਅਤੇ ਰਿਸ਼ੀਕੇਸ਼ ਤੋਂ ਆਉਣ ਵਾਲੀ ਸੜਕ ਇਕ ਹੋ ਕੇ ਅੱਗੇ ਚਲਦੀਆਂ ਹਨ।

ਇਸ ਸ੍ਰੀ ਨਗਰ, ਦਾ ਸਿੱਖ ਇਤਿਹਾਸ ਨਾਲ ਵੀ ਡੂੰਘਾ ਸੰਬੰਧ ਦੱਸਿਆ ਜਾਂਦਾ ਹੈ। ਕਹਿੰਦੇ ਹਨ ਕਿ ਆਪਣੀ ਸੁਮੇਰ ਪਰਬਤ ਦੀ ਯਾਤਰਾ ਸਮੇਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਨਗਰ ਨੂੰ ਆਪਣੀ ਪਾਵਨ ਚਰਨ-ਛੋਹ ਬਖਸ਼ੀ ਸੀ, ਜੋ ਕਦੇ ਚਰਨ-ਪਾਦਿਕਾ ਕਰਕੇ ਪ੍ਰਸਿੱਧ ਸੀ। ਪਰ ਹੁਣ ਉਹ ਥਾਂ ਹੜ੍ਹਾਂ ਦੀ ਲਪੇਟ ਵਿਚ ਆਉਣ ਕਾਰਨ ਲੋਪ ਹੋ ਗਿਆ ਹੈ। ਉਂਜ ਵੀ ਪਹਿਲੇ ਸ੍ਰੀਨਗਰ ਤੋਂ ਅਜੋਕੇ ਸ੍ਰੀਨਗਰ ਵਿਚਕਾਰ ਕੋਈ ਇਕ ਮੀਲ ਦੀ ਵਿੱਥ ਦੱਸੀ ਜਾਂਦੀ ਹੈ।

ਸ੍ਰੀਨਗਰ ਵਿਚ ਸ੍ਰੀ ਹੇਮ ਕੁੰਟ ਟਰੱਸਟ ਵੱਲੋਂ ਇਕ ਆਲੀਸ਼ਾਨ ਗੁਰੂ ਅਸਥਾਨ ਵੀ ਸਥਾਪਤ ਕੀਤਾ ਗਿਆ ਹੈ ਜਿਥੇ ਯਾਤਰੂਆਂ ਲਈ ਹਰ ਸੁਖ ਆਰਾਮ ਉਪਲਬਧ ਹਨ। ਇਹ ਅਸਥਾਨ ਟਰੱਸਟ ਵਾਲਿਆਂ ਨੇ ਸੰਤ ਪਰਸ਼ੋਤਮ ਦਾਸ ਕੋਲੋਂ ਖਰੀਦਿਆ ਦਸਿਆ ਜਾਂਦਾ ਹੈ। ਆਖਦੇ ਹਨ ਕਿ ਉਨ੍ਹਾਂ ਕੋਲੋਂ ਦੋ ਪੁਰਾਤਨ ਹਥ ਲਿਖਤ ਬੀੜਾਂ ਵੀ ਮਿਲੀਆਂ ਸਨ, ਜਿਨ੍ਹਾਂ ਵਿਚੋਂ ਇਕ ਸ੍ਰੀ ਗੁਰੂ ਗਰੰਥ ਸਾਹਿਬ ਅਤੇ ਦੂਜੀ ਦਸਮ ਗਰੰਥ ਜੀ ਦੀ ਦੱਸੀ ਜਾਂਦੀ ਹੈ। ਆਖਿਆ ਜਾਂਦਾ ਹੈ, ਕਿਸੇ ਵੇਲੇ ਗੜ੍ਹਵਾਲ ਦਾ ਰਾਜਾ ਫਤਹਿ ਸ਼ਾਹ, ਜਿਸ ਦੀ ਰਾਜਧਾਨੀ ਸ੍ਰੀ ਨਗਰ ਸੀ. ਸ੍ਰੀ ਦਸਮੇਸ ਜੀ ਦਾ ਮਿੱਤਰ ਸੀ, ਪਰ ਮਗਰੋਂ ਇਹ ਰਾਜਾ ਜ਼ਾਤੀ ਖੁਦਗਰਜ਼ੀਆਂ ਕਾਰਨ ਗੁਰੂ ਸਾਹਿਬ ਵਿਰੁਧ ਲੜਿਆ। ਇਹਨਾਂ ਕੁਝ ਕਾਰਨਾਂ ਕਰਕੇ ਇਸ ਅਸਥਾਨ ਦੀ ਖਾਸ ਵਿਸ਼ੇਸ਼ਤਾ ਹੈ।

ਰੁਦਰ-ਪ੍ਰਯਾਗ ਤੇ ਨੰਦ ਪ੍ਰਯਾਗ ਇਸ ਮਾਰਗ ਦੇ ਦੋ ਹੋਰ ਪ੍ਰਸਿੱਧ ਨਗਰ ਹਨ। ਪ੍ਰਯਾਗ ਉਸ ਥਾਂ ਨੂੰ ਆਖਦੇ ਹਨ ਜਿੱਥੇ ਦੋ ਨਦੀਆਂ ਦਾ ਸੰਗਮ ਹੋਵੇ, ਇਹਨਾਂ ਦੋਹਾਂ ਥਾਵਾਂ ਉਤੇ ਅਲਕ ਨੰਦਾ ਅਤੇ ਕਿੰਨੀ ਨੰਦਾ ਅਖੰਡ ਦਾ ਸੰਗਮ ਹੁੰਦਾ ਹੈ। ਨੰਦ ਪ੍ਰਯਾਗ ਤੋਂ ਛੇ ਕੁ ਮੀਲ ਦੀ ਵਿੱਥ ਤੇ ਚੰਮੋਲੀ ਨਾਂ ਦਾ ਇਕ ਹੋਰ ਪਹਾੜੀ ਨਗਰ ਆਉਂਦਾ ਹੈ। ਇਹ ਅਸਥਾਨ ਜ਼ਿਲ੍ਹਾ ਹੈੱਡ ਕੁਆਟਰ ਵੀ ਹੈ। ਇਥੇ ਕਿਦਾਰ ਨਾਥ ਤੋਂ ਆ ਕੇ, ਇਕ ਸੜਕ ਮੁਖ ਸੜਕ ਰਿਸ਼ੀ ਕੇਸ਼—ਬਦਰੀ ਨਾਥ ਨਾਲ ਆ ਕੇ ਮਿਲਦੀ ਹੈ। ਚੰਮੋਲੀ ਤੋਂ ਪੰਜ ਕੁ ਮੀਲ ਅਗੇ ਬਿਰਹੀ ਨਾਂ ਦਾ ਇਕ ਛੋਟਾ ਜਿਹਾ ਕਸਬਾ ਹੋਰ ਹੈ। ਇਥੇ ਦੋ ਨਦੀਆਂ ਬਿਰਹੀ ਤੇ ਅਲਖ ਨੰਦਾ ਦਾ ਸੰਗਮ ਹੁੰਦਾ ਹੈ। ਇਸ ਤੋਂ ਅਗੇ ਪਿਪਲ ਕੋਟੀ ਨਾਂ ਦਾ ਨਗਰ ਹੈ। ਦਸਿਆ ਜਾਂਦਾ ਹੈ ਕਿ 1960 ਤਕ ਬੱਸ ਕੇਵਲ ਇਥੋਂ ਤਕ ਹੀ ਚਲਦੀ ਸੀ ਅਤੇ ਅਗਲਾ ਸਾਰਾ ਪੈਂਡਾ ਪੈਦਲ ਜਾਂ ਘੋੜੇ ਟੱਟੂਆਂ ਤੇ ਸਰ ਕਰਨਾ ਪੈਂਦਾ ਸੀ।

ਜੋਸ਼ੀ ਮੱਠ ਇਸ ਖੇਤਰ ਦਾ ਪ੍ਰਸਿੱਧ ਧਾਰਮਿਕ ਅਸਥਾਨ ਹੈ। ਜਦੋਂ ਅਸੀਂ ਜੋਸ਼ੀ ਮੱਠ ਪਹੁੰਚੇ ਤਾਂ ਐਸ. ਪੀ. ਸਿੰਘ ਤੇ ਰਣਜੀਤ ਸਿੰਘ ਸਾਡੀ ਉਡੀਕ 'ਚ ਪਹਿਲਾਂ ਹੀ ਉਥੇ ਖੜੇ ਸਨ ਐਸ. ਪੀ. ਸਿੰਘ ਤੇ ਰਣਜੀਤ ਸਿੰਘ ਸਾਡੇ ਜਥੇ ਦੇ ਖਾਸ ਮੈਂਬਰ ਤੇ ਕੀਰਤਨੀਏ ਸਨ ਉਨ੍ਹਾਂ ਨੇ ਥਾਂ ਪਰ ਥਾਂ ਆਪਣੇ ਰਸ ਭਿੰਨੇ ਕੀਰਤਨ ਨਾਲ ਸੰਗਤਾਂ ਨੂੰ ਅਨੰਦਿਤ ਕੀਤਾ। ਉਨ੍ਹਾਂ ਦਸਿਆ ਕਿ ਇਥੋਂ ਗੋਬਿੰਦ ਘਾਟ ਕੇਵਲ ਬਾਈ ਕਿਲੋਮੀਟਰ ਹੈ ਅਤੇ ਗੋਬਿੰਦ ਘਾਟ ਤੋਂ ਬਦਰੀ ਨਾਥ ਚੌਂਤੀ ਕਿਲੋਮੀਟਰ।

ਜੋਸ਼ੀ ਮੱਠ ਹਿੰਦੂ ਮਤ ਦਾ ਪ੍ਰਸਿੱਧ ਤੀਰਥ ਅਸਥਾਨ ਹੈ। ਇਹ ਚਾਰ ਮੱਠਾਂ ਵਿੱਚੋਂ ਇੱਕ ਮੱਠ ਹੈ, ਜੋ ਸ਼ੰਕਰਾਚਾਰੀਆਂ ਨੇ ਸਥਾਪਤ ਕੀਤਾ ਸੀ। ਇਥੋਂ ਅੱਠ ਕੁ ਮੀਲ ਤੇ ਇਕ ਤਪੋਬਨ ਅਸਥਾਨ ਦਸਦੇ ਹਨ ਜਿਥੇ ਲਛਮੀ ਦਾ ਮੰਦਰ ਹੈ ਤੇ ਉਸ ਦੇ ਨੇੜੇ ਇਕ ਗਰਮ ਕੁੰਡ ਹੈ। ਇਥੋਂ ਉਹ ਜੰਗਲ ਤੇ ਪਹਾੜ ਵੀ ਥੋੜ੍ਹੀ ਦੂਰ ਹੀ ਦਸਦੇ ਹਨ ਜਿਸ ਨੂੰ ਸ੍ਰੀ ਰਾਮ ਚੰਦਰ ਜੀ ਦੇ ਆਦੇਸ਼ ਤੇ ਸ੍ਰੀ ਲਛਮਣ ਜੀ ਦੀ ਬੇਹੋਸ਼ੀ ਦੂਰ ਕਰਨ ਲਈ ਸ੍ਰੀ ਹਨੂਮਾਨ ਜੀ ਸੰਜੀਵਨੀ ਬੂਟੀ ਸਮੇਤ ਸ੍ਰੀ ਰਾਮ ਜੀ ਕੋਲ ਲੈ ਗਿਆ ਸੀ। ਇਥੇ ਕਈ ਮੰਦਰ ਹਨ, ਜਿਨਾਂ ਵਿਚੋਂ ਭਗਤਵੀ ਨਵਦੁਰਗਾ, ਨਰਸਿੰਘ, ਵਾਸਦੇਵ ਤੇ ਜੋਤੇਸ਼ਵਰ ਆਦਿ ਬਹੁਤ ਪ੍ਰਸਿੱਧ ਹਨ

ਬਦਰੀ ਨਾਥ ਨੂੰ ਜਾ ਰਹੀ ਸੜਕ ਦੇ ਖੱਬੇ ਪਾਸੇ ਗੁਰਦੁਆਰਾ ਸਾਹਿਬ ਦਾ ਕੇਸਰੀ ਨਿਸ਼ਾਨ ਸਾਹਿਬ ਝੂਲਦਾ ਨਜ਼ਰ ਆਉਂਦਾ ਹੈ। ਇਹ ਅਸਥਾਨ ਵੀ ਹੇਮ ਕੁੰਟ ਸਾਹਿਬ ਟਰੱਸਟ ਵਲੋਂ ਹੀ ਸਥਾਪਤ ਕੀਤਾ ਗਿਆ ਹੈ।

ਗੋਬਿੰਦ ਘਾਟ, ਹੇਮ ਕੁੰਟ ਸਾਹਿਬ ਮਾਰਗ ਤੇ ਸਥਿਤ ਪ੍ਰਸਿੱਧ ਤੇ ਮਹੱਤਵਪੂਰਨ ਧਾਰਮਿਕ ਅਸਥਾਨ ਹੈ। ਹੇਮ ਕੁੰਟ ਸਾਹਿਬ ਦੇ ਸ਼ਰਧਾਲੂ ਯਾਤਰੂ ਇਥੇ ਹੀ ਠਹਿਰਦੇ ਹਨ। ਇਥੇ ਲੰਗਰ ਤੇ ਰਿਹਾਇਸ਼ ਦਾ ਬੜਾ ਸੁਚੱਜਾ ਪ੍ਰਬੰਧ ਹੈ। ਜਦੋਂ ਅਸੀਂ ਗੁਰਦੁਆਰਾ ਗੋਬਿੰਦ ਘਾਟ ਪਹੁੰਚੇ ਤਾਂ ਸਭ ਤੋਂ ਪਹਿਲਾਂ ਸਾਡੀ ਨਜ਼ਰ ਇਕ ਨਿਵੇਕਲੇ ਸਿੰਘ ਤੇ ਪਈ ਜ ਦੂਸਰੇ ਸਿੰਘਾਂ ਨਾਲ ਟਰੱਕ ਵਿੱਚੋਂ ਲੰਗਰ ਦੀ ਰਸਦ ਉਤਾਰ ਰਿਹਾ ਸੀ। ਉਸ ਦੀ ਉਮਰ ਉਸ ਸਮੇਂ ਪੈਂਤੀ-ਚਾਲੀ ਸਾਲ ਦੀ ਹੋਵੇਗੀ ਤੇ ਉਸਦਾ ਨਾਂ ਵੀ ਬੜਾ ਅਜੀਬ ਸੀ, ਧਰਤੀ ਧਕੇਲ ਸਿੰਘ । ਉਸ ਨੇ ਨੀਲਾ ਦਸਤਾਰਾ ਸਜਾਇਆ ਹੋਇਆ ਸੀ ਤੇ ਮਿਲਟਰੀ ਦੀ ਵਰਦੀ ਪਹਿਨੀ ਹੋਈ ਸੀ ਤੇ ਬਹੁਤ ਹੀ ਚੜ੍ਹਦੀ ਕਲਾ 'ਚ ਪ੍ਰਤੀਤ ਹੁੰਦਾ ਸੀ। ਉਸਦੀ ਕਮੀਜ ਉਤੇ ਵੀ ਉਸਦੀ ਨਾਮ ਪਲੇਟ ਲੱਗੀ ਹੋਈ ਸੀ,'ਧਰਤੀ ਧਕੇਲ ਸਿੰਘ। ਬਾਅਦ ਵਿਚ ਸਾਨੂੰ ਪਤਾ ਲੱਗਾ ਕਿ ਧਰਤੀ ਧਕੇਲ ਸਿੰਘ ਗੁਰਦੁਆਰਾ ਗੋਬਿਦ ਘਾਟ ਦਾ ਮੁਖ ਸੇਵਾਦਾਰ ਹੈ। ਸ਼ਰਧਾਲੂਆਂ ਲਈ ਲੰਗਰ ਪਾਣੀ ਤ ਰਿਹਾਇਸ਼ ਆਦਿ ਦੇ ਪ੍ਰਬੰਧ ਦੀ ਸੇਵਾ ਜਿਵੇਂ ਉਸੇ ਦੇ ਜਿੰਮੇ ਸੀ। ਗੋਬਿੰਦ ਘਾਟ ਗੁਜ਼ਾਰੇ ਦੋ ਦਿਨਾਂ ਵਿਚ ਹੀ ਉਸ ਦੇ ਮਿੱਠੇ ਬੋਲ, ਪ੍ਰੇਮ ਤੇ ਸੇਵਾ ਭਾਵ ਨੇ ਸਾਡਾ ਸਾਰਿਆਂ ਦਾ ਮਨ ਮੋਹ ਲਿਆ। ਧਰਤੀ ਧਕੇਲ ਸਿੰਘ ਦੀ ਖਾਸ ਵਿਸ਼ੇਸ਼ਤਾ ਤੇ ਪ੍ਰਸਿੱਧੀ ਇਸ ਗੱਲ ਕਰਕੇ ਵੀ ਸੀ ਕਿ ਉਹ ਹੇਮ ਕੁੰਟ ਸਾਹਿਬ ਦੀਆਂ ਉੱਚੀਆਂ ਸੱਤ ਚੋਟੀਆਂ ਉਤੇ ਖਾਲਸਾਈ ਨਿਸ਼ਾਨ ਸਾਹਿਬ ਝੁਲਾਉਂਦਾ ਰਿਹਾ ਹੈ। ਹੇਮ ਕੁੰਟ ਸਾਹਿਬ ਤੋਂ ਪਰਤੇ ਸ਼ਰਧਾਲੂ ਸਮੇਂ ਸਮੇਂ ਧਰਤੀ ਧਕੇਲ ਸਿੰਘ ਨੂੰ ਆਪਣੀਆਂ ਸ਼ੁਭ ਇਛਾਵਾਂ ਤੇ ਯਾਦਾਂ ਭੇਜਦੇ ਹਨ।

ਅਲਖ ਨੰਦਾ ਦੇ ਕੰਢੇ ਗੁਰਦੁਆਰਾ ਗੋਬਿੰਦ ਘਾਟ ਸ਼ਾਂਤੀ ਦਾ ਸੋਮਾ ਪ੍ਰਤੀਤ ਹੁੰਦਾ ਹੈ। ਗੁਰਦੁਆਰਾ ਸਾਹਿਬ ਵਿਖੇ ਸੋਦਰੁ ਦੀ ਚੌਂਕੀ ਆਰੰਭ ਹੋਈ। ਸਪੀਕਰ 'ਚੋਂ ਸੋਦਰੁ ਦੀ ਮਧੁਰ ਆਵਾਜ਼ ਕੰਨੀ ਪਈ। ਅਸੀਂ ਸਾਰੇ ਗੁਰਦੁਆਰਾ ਸਾਹਿਬ ਆ ਜੁੜੇ। ਕੋਈ ਗੁਰੂ ਕੋਲੋਂ ਮੰਗਦਾ ਕਿ ਸਵੇਰ ਤਕ ਮੌਸਮ ਠੀਕ ਹੋ ਜਾਵੇ ਤੇ ਕੋਈ ਕਹਿੰਦਾ ਸਤਿਗੁਰੂ ਸਾਡੀ

ਯਾਤਰਾ ਨਿਰਵਿਘਨ ਸੰਪੂਰਨ ਕਰਨ। ਕਿਉਂਕਿ ਮੌਸਮ ਕੁਝ ਖਰਾਬ ਹੋਣ ਲੱਗ ਪਿਆ ਸੀ। ਪਹਿਲਾਂ ਬੂੰਦਾ ਬਾਂਦੀ ਤੇ ਫਿਰ ਤੇਜ਼ ਵਰਖਾ ਦਾ ਰੂਪ ਧਾਰ ਗਿਆ ਸੀ ਤੇ ਸਾਰਿਆ ਦੇ ਮਨ ਵਿਚ ਮੌਸਮ ਬਾਰੇ ਇਕ ਤੌਖਲਾ ਪੈਦਾ ਹੋ ਗਿਆ।

ਇਸ ਜਥ ਨਾਲ ਗਏ ਪੰਡਤ ਮਾਧੋਰਾਮ ਜੀ ਵੀ ਬੜੀ ਸਾਧ ਤਬੀਅਤ ਸ਼ਖਸ਼ੀਅਤ ਸਨ। ਜਿਥੇ ਸਾਡੇ ਜਥੇ ਦੇ ਦੋ ਚਾਰ ਬੰਦੇ ਇਕੱਠੇ ਹੁੰਦੇ ਪੰਡਤ ਜੀ ਉਥੇ ਹੀ ਕੋਈ ਨਾ ਕਈ ਕਲਾਮ ਛੇੜ ਦਿੰਦੇ। ਉਨ੍ਹਾਂ ਨੇ ਸਾਧ ਜਨਾਂ ਦੀ ਮਹਿਮਾਂ ਕੱਵਾਲੀ ਅੰਦਾਜ਼ ਵਿਚ ਇਉਂ ਗਾ ਕੇ ਸੁਣਾਈ:-

ਮਿਲਤੀ ਹੈ ਸਾਧੂਓਂ ਕੀ ਸੰਗਤ ਕਭੀ ਕਭੀ
ਚੜ੍ਹਤੀ ਹੈ ਹਰੀਨਾਮ ਕੀ ਰੰਗਤ ਕਭੀ ਕਭੀ
ਸਾਧੂ ਤੋ ਇਸ ਜਹਾਨ ਮੇਂ ਈਸ਼ਵਰ ਕਾ ਰੂਪ ਹੈਂ
ਕਰਤੇ ਹੈਂ ਭਗਤ ਜਨੋਂ ਪ ਕ੍ਰਿਪਾ ਕਭੀ ਕਭੀ।
ਕੁਦਰਤ ਦੇ ਲਿਖੇ ਲੇਖ ਸਾਧੂ ਹੀ ਮੇਟ ਦੇ
ਦੇਤੇ ਹੈਂ ਪਲਟ ਪਲੋਂ ਮੇਂ ਕਿਸਮਤ ਕਭੀ ਕਭੀ।

ਕੱਵਾਲੀ ਗਾਇਨ ਕਰਦੇ ਪੰਡਤ ਜੀ ਖੁਦ ਸਾਧੂ ਰੂਪ ਹੋ ਗਏ ਤੇ ਸਰੋਤੇ ਮੰਤਰ-ਮੁਗਧ।

ਗੁਰਦੁਆਰਾ ਸਾਹਿਬ ਗੋਬਿੰਦ ਘਾਟ ਦੀ ਇਮਾਰਤ ਲੋੜ ਅਨੁਸਾਰ ਕਾਫੀ ਹੈ। ਇਕ ਪਾਸੇ ਪਾਠਾਂ ਲਈ ਵੱਖਰਾਂ ਕਮਰਾ ਹੈ, ਜਿਥੇ ਦੀਵਾਨ-ਅਸਥਾਨ ਤੋਂ ਇਲਾਵਾ ਵੀ ਪਾਠ ਹੁੰਦਾ ਰਹਿੰਦਾ ਹੈ। ਗੁਰਦੁਆਰਾ ਸਾਹਿਬ ਦੇ ਹਾਲ ਕਮਰੇ ਦੇ ਅੱਗੇ ਪਿਛੇ ਬਰਾਂਡਿਆਂ ਵਿੱਚ ਸੰਗਤ ਦੇ ਬੈਠਣ ਲਈ ਕਾਫੀ ਥਾਂ ਹੈ। ਸੰਗਤ ਵੀ ਬਹੁਤ ਜ਼ਿਆਦਾ ਜੁੜਦੀ ਹੈ, ਜਿਸ ਨੂੰ ਵੇਖ ਕੇ ਇਉਂ ਲਗਦਾ ਹੈ ਜਿਵੇਂ ਪੰਜਾਬ ਦੇ ਕਿਸੇ ਗੁਰ-ਅਸਥਾਨ ਉਤੇ ਕੋਈ ਸਾਲਾਨਾ ਜੋੜ ਮੇਲਾ ਜੁੜਿਆ ਹੋਵੇ। ਮੈਂ ਵੇਖਿਆ ਕੀਰਤਨ ਸੋਹਲਾ ਪੜ੍ਹਿਆ ਜਾ ਚੁੱਕਾ ਸੀ। ਗੁਰੂ ਮਹਾਰਾਜ ਦੀ ਪਾਵਨ ਬੀੜ ਦਾ ਸੁਖ ਆਸਣ ਹੋ ਚੁਕਿਆ ਸੀ, ਫਿਰ ਵੀ ਦਰਸ਼ਨ ਅਭਿ-ਲਾਖੀਆਂ ਦਾ ਤਾਂਤਾ ਬੱਨ੍ਹਿਆ ਹੋਇਆ ਸੀ।

ਇਸ ਗੁਰਦੁਆਰਾ ਸਾਹਿਬ ਵਿਖੇ ਲੰਗਰ ਦਾ ਬੜਾ ਸੁਚੱਜਾ ਪ੍ਰਬੰਧ ਹੈ ਜਿਸ ਦੀ ਸਮੁੱਚੀ ਜ਼ਿੰਮੇਵਾਰੀ ਧਰਤੀ ਧਕੇਲ ਸਿੰਘ ਦੀ। ਰਸਦ ਆ ਰਹੀ ਹੈ! ਸੰਭਾਲੀ ਜਾ ਰਹੀ ਹੈ। ਲੰਗਰ ਅਸਥਾਨ ਵੱਖਰਾ ਹੈ। ਦੇਗਿਆਂ ਵਿੱਚੋਂ ਭਾਫਾਂ ਉਠ ਰਹੀਆਂ ਸਨ। ਸੇਵਾਦਾਰ ਸੇਵਾ ਵਿਚ ਮਗਨ। ਟਾਟਾਂ ਤੇ ਪੰਗਤਾਂ 'ਚ ਸਜੀਆਂ ਸੰਗਤਾਂ ਲੰਗਰ ਛਕ ਰਹੀਆਂ ਸਨ। ਇਕ ਅਨੂਠਾ ਦ੍ਰਿਸ਼ ਸੀ। ਲੰਗਰ 'ਚ 'ਸਤਿਨਾਮ ਵਾਹਿਗੁਰੂ' ਦੀਆਂ ਧੁਨਾਂ ਉਠਦੀਆਂ ਤੇ ਵਾਤਾਵਰਣ ਨੂੰ ਕਿਸੇ ਵਜੂਦ ਵਿਚ ਗੜੂੰਦ ਕਰ ਦਿੰਦੀਆ। ਅਸੀਂ ਵੀ ਲੰਗਰ ਛਕਿਆ। ਬੜਾ ਅਨੰਦ ਆਇਆ। ਲੰਗਰ ਦਾ ਦ੍ਰਿਸ਼ ਵੇਖ ਕੇ ਮਨ ਪਸੀਜਿਆ ਗਿਆ। ਜੇ ਕਿਸੇ ਨੇ ਅਚਾਰ-ਪਿਆਜ਼ ਦੀ ਇਛਾ ਪ੍ਰਗਟ ਕੀਤੀ ਤਾਂ ਸੇਵਾਦਾਰ ਨੇ ਝਟ ਲਿਆ ਪਰੋਸਿਆ। ਜਿਵੇਂ ਕੋਈ ਕਸਰ ਨਾ ਰਹਿ ਜਾਵੇ। ਲੰਗਰ ਹੀ ਨਹੀਂ ਜਿਵੇਂ ਸਾਰੇ ਪਾਸੇ ਪਿਆਰ ਹੀ

ਪਿਆਰ ਵਰਤਾਵੇ ਰਿਹਾ ਹੋਵੇ। ਵਰਤ ਸੇਵਾਦਾਰ ਇਉਂ ਸੇਵਾ ਕਰਦੇ ਜਿਵੇਂ ਉਹਨਾਂ ਅਜ ਸਭ ਨੂੰ ਹੀ ਰੱਜ ਕੇ ਪਿਆਰਨਾ ਸਤਿਕਾਰਨਾ ਹੋਵ।

ਆਖਦੇ ਹਨ ਸਭ ਤੋਂ ਪਹਿਲਾਂ ਹਵਾਲਦਾਰ ਮੋਦਨ ਸਿੰਘ ਨੇ ਇਸ ਅਸਥਾਨ ਦੀ ਸੇਵਾ ਆਰੰਭ ਕੀਤੀ ਸੀ, ਜੋ ਹੁਣ ਇਕ ਵੱਡੇ ਗੁਰਧਾਮ ਦਾ ਰੂਪ ਧਾਰ ਚੁੱਕਿਆ ਹੈ। ਹਵਾਲਦਾਰ ਮੋਦਨ ਸਿੰਘ ਜੀ, ਪਿੰਡ ਲਖਨਪੁਰ ਤਹਿਸੀਲ ਸਮਰਾਲਾ ਜ਼ਿਲ੍ਹਾ ਲੁਧਿਆਣਾ ਦੇ ਵਸਨੀਕ ਸਨ। ਆਪ ਨੇ ਗੁਰਦੁਆਰਾ ਗੋਬਿੰਦ ਧਾਮ ਅਤੇ ਹੇਮ ਕੁੰਟ ਸਾਹਿਬ ਦੀ ਵੀ ਸੇਵਾ ਕਰਵਾਈ। ਆਪ ਨੇ ਹੀ 1960 ਵਿਚ 'ਦੀ ਗੁਰਦੁਵਾਰਾ ਸ੍ਰੀ ਹੇਮ ਕੁੰਟ ਸਾਹਿਬ ਮੈਨੇਜਮੈਂਟ ਟਰੱਸਟ' ਦੀ ਸਥਾਪਨਾ ਕੀਤੀ ਅਤੇ ਸਾਰਾ ਪ੍ਰਬੰਧ ਪੰਥ ਨੂੰ ਸੌਂਪ ਦਿੱਤਾ। ਹਵਾਲਦਾਰ ਮੋਦਨ ਸਿੰਘ ਜੀ ਦਸੰਬਰ 1960 ਵਿਚ ਹੀ ਆਪਣੇ ਪਿੰਡ ਲਖਣ ਪੁਰ ਵਿਖੇ ਅਕਾਲ ਚਲਾਣਾ ਕਰ ਗਏ।

ਹਵਾਲਦਾਰ ਮੋਦਨ ਸਿੰਘ ਜੀ, ਸੰਤ ਸੋਹਣ ਸਿੰਘ ਜੀ ਦੇ ਸਹਿਯੋਗੀ ਸਨ ਜਿਨ੍ਹਾਂ ਅਕਤੂਬਰ 1936 ਵਿਚ ਹਰਿਮੰਦਰ ਸ੍ਰੀ ਹੇਮ ਕੁੰਟ ਸਾਹਿਬ ਦੀ ਸੰਪੂਰਨ ਸੇਵਾ ਕਰਵਾਈ ਸੀ। ਦਸਿਆ ਜਾਂਦਾ ਹੈ ਕਿ ਪੈਨਸ਼ਨ ਉਪਰੰਤ ਵੀ ਉਨ੍ਹਾਂ ਨੇ ਆਪਣਾ ਸਾਰਾ ਜੀਵਨ ਗੁਰੂ ਸੇਵਾ ਵਿਚ ਹੀ ਅਰਪਣ ਕਰ ਦਿੱਤਾ। ਆਪ ਪੈਨਸ਼ਨ ਨਾਲ ਗੁਜ਼ਾਰਾ ਕਰਦੇ ਅਤੇ ਆਪਣੀ ਖੇਤੀ ਵਿਚੋਂ ਵੀ ਗੁਰੂ ਕੇ ਲੰਗਰ ਦੀ ਸੇਵਾ ਲਈ ਰਸਦ ਭੇਜਦੇ। ਗੁਰਦੁਆਰਾ ਗੋਬਿੰਦ ਘਾਟ ਵਿਖੇ ਤੋਂ ਗਬਿੰਦ ਧਾਮ ਨੂੰ ਜਾਂਦਿਆ ਪਾਰ ਕੀਤਾ ਜਾਂਦਾ ਲਕੜੀ ਦਾ ਪੁਲ ਵੀ ਆਪ ਜੀ ਦੇ ਸਿਰਤੋੜ ਯਤਨਾਂ ਸਦਕਾ ਮਹਿਕਮਾ ਪੀ. ਡਬਲਿਊ. ਡੀ. ਨੇ ਉਸਾਰਿਆ ਸੀ।

ਬਾਅਦ ਵਿਚ ਹੇਮ ਕੁੰਟ ਸਾਹਿਬ ਟਰੱਸਟ ਵੱਲੋਂ ਗੁਰਦੁਆਰਾ ਸਾਹਿਬ ਦੇ ਸਾਹਮਣੇ ਕੁਝ ਥਾਂ ਮੁੱਲ ਲੈ ਕੇ ਕੁਝ ਹੋਰ ਕਮਰਿਆਂ ਦੀ ਉਸਾਰੀ ਕਰਵਾਈ ਗਈ ਹੈ ਤਾਂ ਜੋ ਸ੍ਰੀ ਹੇਮ ਕੁੰਟ ਸਾਹਿਬ ਦੇ ਯਾਤਰੂ ਇਸ ਗੁਰਧਾਮ ਤੇ ਸੁਖ ਸ਼ਾਂਤੀ ਨਾਲ ਰਹਿ ਸਕਣ ਤੇ ਨਾਮ ਰਸੀਏ ਇਕਾਂਤ ਵਿਚ ਨਾਮ 'ਚ ਟਿਕਾਓ ਦਾ ਅਨੁਭਵ ਕਰ ਸਕਣ। ਇਥੇ ਸਹਿਜ ਹੀ ਮਨ ਨੂੰ ਸਕੂਨ ਮਿਲਦਾ ਹੈ ਅਤੇ ਜੀਵਨ ਨੂੰ ਕੋਈ ਨਵੀਂ ਦਿਸ਼ਾ ਮਿਲਦੀ ਪ੍ਰਤੀਤ ਹੁੰਦੀ ਹੈ। ਇਕ ਰਾਤ ਗੋਬਿੰਦ ਘਾਟ ਵਿਖੇ ਵਿਸ਼ਰਾਮ ਕਰਕੇ ਸਾਡੇ ਜਥੇ ਨੇ ਹੇਮ ਕੁੰਟ ਸਾਹਿਬ ਲਈ ਗੁਰਦੁਆਰਾ ਸਾਹਿਬ ਸ੍ਰੀ ਗੋਬਿੰਦ ਧਾਮ ਨੂੰ ਰਵਾਨਾ ਹੋਣਾ ਸੀ। ਅੰਮ੍ਰਿਤ ਵੇਲੇ ਉਠ ਕੇ ਸਭ ਨੇ ਇਸ਼ਨਾਨ-ਪਾਣੀ ਕੀਤਾ ਤੇ ਗੁਰਦੁਆਰਾ ਸਾਹਿਬ ਹਾਜ਼ਰ ਹੋ ਕੇ ਸਵੇਰ ਦੇ ਸਜੇ ਦੀਵਾਨ ਵਿਚ ਹਾਜ਼ਰੀ ਭਰੀ। ਭੋਗ ਉਪਰੰਤ ਇਕ ਬਿਰਧ ਬਾਬਾ ਜੀ ਨੇ ਹੇਮ ਕੁੰਟ ਸਾਹਿਬ ਦੀ ਯਾਤਰਾ ਦਾ ਮਹੱਤਵ, ਤੇ ਜਾਣ ਵਾਲੇ ਰਸਤੇ ਦਾ ਵੇਰਵਾ ਦੱਸਿਆ। ਬਾਬਾ ਜੀ ਨੇ 'ਅਲਪ ਆਹਾਰ' ਅਥਵਾ ਥੋੜਾ ਭੋਜਨ ਛਕਣ ਦੀ ਪ੍ਰੇਰਨਾ ਵੀ ਕੀਤੀ, ਜਿਨ੍ਹਾਂ ਦੇ ਉਪਦੇਸ ਮੰਨ ਸਾਡੇ ਜਥੇ ਦੇ ਮੈਂਬਰਾਂ ਨੇ ਅੱਠ ਕੁ ਵਜੇ ਛੋਟੀਆਂ ਵੱਡੀਆਂ ਸੋਟੀਆਂ ਫੜ, ਜਿਨ੍ਹਾਂ ਦੇ ਹੇਠਾਂ ਇਕ ਤਿਖਾ ਜਿਹਾ ਸੂਆ ਵੀ ਸੀ, ਲਕੜ ਦਾ ਪੁਲ ਪਾਰ ਕਰਕੇ 'ਚਰਨ ਚਲੋ ਮਾਰਗ ਗੋਬਿੰਦ' ਦਾ ਜਾਪ ਕਰਦਿਆਂ ਸ੍ਰੀ ਗੋਬਿੰਦ ਧਾਮ ਵਲ ਚਾਲੇ ਪਾ ਦਿਤੇ। ਗੋਬਿੰਦ ਧਾਮ ਤਕ ਦਾ ਇਹ ਪੈਦਲ ਸਫਰ ਕਾਫੀ ਮੁਸ਼ਕਲ ਦਸਿਆ ਜਾਂਦਾ ਹੈ। ਉੱਚੀਆਂ ਉੱਚੀਆਂ

ਪਹਾੜੀਆਂ ਆਲੇ ਦੁਆਲੇ ਟੇਢੇ ਮੇਢੇ ਵਿੰਗ ਵਲ ਪਾਉਂਦੇ ਰਸਤੇ ਤੇ ਅਸੀਂ ਅਗੇ ਵਧਦੇ ਜਾ ਰਹੇ ਸਾਂ। ਸਾਹਮਣਿਓਂ ਚਾਰ-ਪੰਜ ਸਿੰਘਾਂ ਦਾ ਜਥਾ ਮਿਲਿਆ, ਜੋ ਸ੍ਰੀ ਹੇਮ ਕੁੰਟ ਸਾਹਿਬ ਦੀ ਯਾਤਰਾ ਕਰਕੇ ਆ ਰਿਹਾ ਸੀ। ਉਹਨਾਂ ਦੇ ਚਿਹਰੇ ਕਿਸੇ ਅਗੰਮੀ ਜਲਾਲ ਨਾਲ ਦਗ ਦਗ ਕਰ ਰਹੇ ਸਨ। ਉਹਨਾਂ ਨਾਲ 'ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ' ਦੀ ਸਾਂਝ ਹੋਈ। ਜਥਾ ਅਗਾਂਹ ਲੰਘ ਗਿਆ ਅਸੀਂ ਆਪਣੀ ਤੋਰ ਤੁਰ ਜਾ ਰਹੇ ਸਾਂ। ਖੱਬੇ ਪਾਸੇ ਹੇਮ ਗੰਗਾ ਵਗਦੀ ਤੁਰੀ ਜਾ ਰਹੀ ਸੀ। ਸਾਹਮਣਿਓ ਪਹਾੜੀਆਂ ਤੋਂ ਬਰਫਾਂ ਦਾ ਪਿਘਲਿਆ ਪਾਣੀ ਹੇਮ ਗੰਗਾ ਵਿਚ ਸਮਾਉਣ ਲਈ ਉਤਰਿਆ ਆ ਰਿਹਾ ਸੀ। ਮੇਰੇ ਸਾਹਮਣੇ ਭਗਵੇਂ ਕਪੜਿਆਂ ਵਿਚ ਇਕ ਬਜ਼ੁਰਗ ਘੋੜੇ ਉਤੇ ਸਵਾਰ ਜਾ ਰਹੇ ਸਨ। ਘੋੜਾ ਪਹਾੜੀ ਰਸਤਿਆਂ ਵਿਚ ਹੌਲੀ ਹੌਲੀ ਪੈਰ ਧਰਦਾ ਅਰੁਕ ਤੁਰਿਆ ਜਾ ਰਿਹਾ ਸੀ। ਰਸਤੇ ਵਿਚ ਖਾਣ-ਪੀਣ ਦੇ ਸਮਾਨ ਵਾਲੀਆਂ ਕੁਝ ਦੁਕਾਨਾਂ ਵੀ ਆਈਆਂ ਤੇ ਕੁਝ ਘਰ ਵੀ ਸਨ। ਜਿਨਾਂ 'ਚ ਵਸਦਿਆਂ ਨੇ ਛੋਟੀਆਂ ਛੋਟੀਆਂ ਕਿਆਰੀਆਂ ਬਣਾ ਕੇ ਫਸਲਾਂ ਬੀਜੀਆਂ ਹੋਈਆਂ ਸਨ। ਅਸੀਂ ਇਕ ਵੱਡੇ ਗਲੇਸ਼ੀਅਰ ਤੋਂ ਲੰਘੇ ਜੋ ਸਾਡੇ ਰਾਹਾਂ 'ਚੋਂ ਖੁਰ ਖੁਰ ਕੇ ਗੰਗਾ ਵੱਲ ਜਾ ਰਿਹਾ ਸੀ। ਉੱਚੀਆਂ ਪਹਾੜੀਆਂ, ਵੱਡੇ ਗਲੇਸ਼ੀਅਰਾਂ ਅਤੇ ਕਿਧਰੇ ਸੰਘਣੇ ਜੰਗਲਾਂ ਵਿਚੋਂ ਗੁਜਰਦੇ ਅਸੀਂ ਗੋਬਿੰਦ ਧਾਮ ਪਹੁੰਚੇ। ਜਗਲ ਵਿਚ ਦੂਰੋਂ ਸ਼ੇਰ ਤੇ ਹੋਰ ਜੰਗਲੀ ਜਾਨਵਰਾਂ ਦੇ ਦਹਾੜਨ ਦੀਆਂ ਆਵਾਜ਼ਾਂ ਵੀ ਸੁਣਾਈ ਦਿੰਦੀਆਂ ਜਿਨ੍ਹਾਂ ਨੂੰ ਸੁਣ ਕੇ ਕਈ ਇਕੱਲੇ ਦੁਕੱਲੇ ਯਾਤਰੂ ਸਹਿਮ ਵੀ ਜਾਂਦੇ।

ਸਾਡੇ ਜਥੇ ਦੇ ਸਾਰੇ ਮੈਂਬਰ ਛੋਟੇ ਛੋਟੇ ਮਿੰਨੀ ਜਥਿਆਂ ਦੇ ਰੂਪ ਵਿਚ ਗੋਬਿੰਦ ਧਾਮ ਵਿਖੇ ਆ ਪੁਜੇ। ਇਸ ਗੋਬਿੰਦ ਧਾਮ ਨੂੰ ਪਹਿਲਾਂ ਘਾਂਗਰੀਆਂ ਕਹਿੰਦੇ ਸਨ। ਇਹ ਅਸਥਾਨ ਸਮੁੰਦਰੀ ਤਲ ਤੋਂ 10,500 ਫੁਟ ਦੀ ਉਚਾਈ ਤੇ ਦੱਸਿਆ ਜਾਂਦਾ ਹੈ। ਅਜੇ ਅਸੀਂ ਗੋਬਿੰਦ ਧਾਮ ਪਹੁੰਚੇ ਹੀ ਸਾਂ ਕਿ ਵੇਖਿਆ, ਗੁਰਦੁਆਰਾ ਸਾਹਿਬ ਦੁਆਲੇ ਚੋਖੀ ਭੀੜ ਜੁੜੀ ਹੋਈ ਸੀ। ਆਖਦੇ ਸਨ ਕਿ ਸੂਰਜ ਦੀ ਲਿਸ਼ਕੋਰ ਨਾਲ ਨਿਸ਼ਾਨ ਸਾਹਿਬ ਦੇ ਖੰਡੇ ਉਤੇ ਘੋੜ ਸਵਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਹੁੰਦੇ ਹਨ। ਸਾਡੇ ਜਥੇ ਵਿਚੋਂ ਵੀ ਸਰਦਾਰ ਹਰਜੀਤ ਸਿੰਘ ਕਲਸੀ ਪੂਰੇ ਜ਼ੋਰ ਸ਼ੋਰ ਨਾਲ ਇਸ ਦੀ ਪੁਸ਼ਟੀ ਕਰ ਰਹੇ ਸਨ। ਕੁਝ ਵੀ ਹੋਵੇ ਉਥੇ ਤਾਂ ਸ਼ਰਧਾਲੂਆਂ ਲਈ ਉਂਜ ਹੀ 'ਘਟਿ ਘਟਿ ਅੰਤਰਿ ਵਸ ਨਿਰੰਤਰ' ਵਾਲੀ ਗੱਲ ਸੀ। ਹਰ ਪਾਸੇ ਹੀ ਗੁਰੂ ਸਾਹਿਬ ਦੀ ਅਮਿੱਟ ਛਾਪ ਪ੍ਰਤੀਤ ਹੁੰਦੀ ਸੀ।

ਇਥੇ ਹੀ ਗੁਰਦੁਆਰਾ ਸਾਹਿਬ ਦੇ ਆਂਗਨ ਵਿਚ ਉਹ ਪਾਵਨ ਬ੍ਰਿਛ ਵੀ ਵੇਖਣ ਦਾ ਸੁਭਾਗ ਪ੍ਰਾਪਤ ਹੋਇਆ, ਜਿਥੇ ਬਹਿ ਕੇ ਬਾਬਾ ਮੋਦਨ ਸਿੰਘ ਜੀ ਨਾਮ ਸਿਮਰਨ ਕਰਿਆ ਕਰਦੇ ਸਨ। ਇਸ ਬ੍ਰਿਛ ਨਾਲ ਵੀ ਕਈ ਕਥਾ ਕਹਾਣੀਆਂ ਜੁੜੀਆਂ ਹੋਈਆਂ ਹਨ, ਜੋ ਸਤਿ ਸੰਗੀਆਂ ਤੋਂ ਸੁਣੀਆਂ। ਆਖਦੇ ਹਨ ਕਿ ਇਥੇ ਜੰਗਲ ਵਲੋਂ ਇਕ ਸ਼ੇਰ ਬਾਬਾ ਜੀ ਕੋਲ ਆਇਆ ਕਰਦਾ ਸੀ ਅਤੇ ਬਿਨਾਂ ਕੁਝ ਕਹਿਆਂ ਦਰਸ਼ਨ ਕਰਕੇ ਵਾਪਿਸ ਪਰਤ ਜਾਂਦਾ ਸੀ।

ਗੋਬਿੰਦ ਘਾਟ ਵਾਂਗ ਗੋਬਿੰਦ ਧਾਮ ਵਿਖੇ ਵੀ ਯਾਤਰੂਆਂ ਲਈ ਰਿਹਾਇਸ਼ ਅਤੇ ਲੰਗਰ ਦਾ ਚੰਗਾ ਪ੍ਰਬੰਧ ਹੈ। ਇਥੇ ਇਕ ਪਾਵਨ ਸਰੋਵਰ ਵੀ ਹੈ ਜਿਸ ਵਿਚ ਹੇਮ ਗੰਗਾ ਦਾ ਪਾਵਨ ਜਲ ਹੇਮ ਕੁੰਟ ਸਾਹਿਬ ਤੋਂ ਆ ਕੇ ਪੈਂਦਾ ਹੈ।

ਗੋਬਿੰਦ ਧਾਮ ਵਿਖੇ ਅਸੀਂ ਉਸ ਰਾਗੀ ਜਥੇ ਦੇ ਦਰਸ਼ਨ ਕੀਤੇ, ਜੋ ਹੇਮ ਕੁੰਟ ਸਾਹਿਬ ਤੋਂ ਸਾਰੇ ਦਿਨ ਦੀ ਸੇਵਾ ਭੁਗਤਾ ਕੇ ਆਏ ਸਨ। ਭਾਈ ਸਤਿਨਾਮ ਸਿੰਘ, ਭਾਈ ਸੁਰਿੰਦਰ ਸਿੰਘ ਤੇ ਭਾਈ ਜਨੇਸਵਰ ਸਿੰਘ, ਇਸ ਰਾਗੀ ਜਥੇ ਦੇ ਮੈਂਬਰ ਸਨ। ਇਹ ਰਾਗੀ ਸਿੰਘ ਪੰਜਾਬ ਵਿਚ ਵੀ ਕਈ ਪ੍ਰਚਾਰ ਫੇਰੀਆਂ ਦੌਰਾਨ ਕੀਰਤਨ ਕਰ ਆਏ ਸਨ। ਸ਼ਾਮ ਵੇਲੇ ਅਸੀਂ ਗੁਰਦੁਆਰਾ ਸਾਹਿਬ ਵਿਚ ਸਜੇ ਦੀਵਾਨ 'ਚ ਹਾਜ਼ਰੀ ਭਰੀ। ਸਾਡੇ ਆਪਣ ਹੀ ਜਥੇ ਦੇ ਮੈਂਬਰ ਤੇ ਰਾਗੀ ਸਿੰਘ ਸ. ਐਸ. ਪੀ. ਸਿੰਘ, ਸ. ਰਣਜੀਤ ਸਿੰਘ, ਸ. ਕੇਸਰ ਸਿੰਘ ਅਤੇ ਭਾਈ ਮਹਿੰਦਰ ਸਿੰਘ ਹੋਰਾਂ ਨੇ ਰਸ ਭਿੰਨਾ ਕੀਰਤਨ ਕੀਤਾ। ਸਾਰੀ ਸੰਗਤ ਕੀਰਤਨ ਦਾ ਸ਼ਬਦ ਪੜ੍ਹ ਰਹੀ ਸੀ। ਕੀਰਤਨ ਕੀ ਸੀ ਕਿ ਸ਼ਬਦ ਦੀ ਵਰਖਾ ਨੇ ਸਾਰੇ ਮਾਹੌਲ ਵਿਚ ਮਹਿਕ ਭਰ ਦਿਤੀ ਸੀ। ਭਾਵੇਂ ਮੰਡੀ ਗੋਬਿੰਦਗੜ੍ਹ ਵਿਚ ਵੀ ਐਸ. ਪੀ. ਸਿੰਘ ਨੇ ਬਹੁਤ ਕੀਰਤਨ ਕੀਤਾ ਹੈ ਤੇ ਅਸੀਂ ਸੁਣਿਆ ਹੈ ਪਰ ਗੋਬਿੰਦ ਧਾਮ ਦੇ ਅਸਥਾਨ ਤੇ ਉਹਨਾਂ ਦੇ ਕੀਰਤਨ ਚੋਂ ਇਉਂ ਮਹਿਸੂਸ ਹੁੰਦਾ ਸੀ ਜਿਵੇਂ ਕੀਰਤਨ ਦਰਬਾਰ ਵਿਚੋਂ ਸ਼ਬਦ-ਰੂਪੀ ਮਹਿਕ ਉਨ੍ਹਾਂ ਨੇ ਆਪਣੇ ਦਿਲ ਸਾਗਰ ਵਿਚ ਸਮੋ ਲਈ ਹੋਵੇ। ਇਸ ਦੀਵਾਨ ਵਿਚ ਉਨ੍ਹਾਂ ਇਹ ਸ਼ਬਦ ਗਾਇਨ ਕੀਤਾ :

ਗਉੜੀ ਕੀ ਵਾਰ ਮ: ੪ ॥

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤਸਰ ਨਾਵੈ ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥
ਫਿਰ ਚੜੈ ਦਿਵਸੁ ਗੁਰਬਾਣੀ ਗਾਵੈ ਬਹਿਦਿਆ ਉਠਦਿਆ ਹਰਿ ਨਾਮੁ ਧਿਆਵੈ ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ ॥
ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥੨॥

ਉਂਜ ਵੀ ਜਦੋਂ ਐਸ. ਪੀ. ਸਿੰਘ ਭਿੱਜ ਕੇ ਸ਼ਬਦ ਪੜ੍ਹਦਾ ਹੈ ਤਾਂ ਕਈ ਵਾਰ ਇਉਂ ਪ੍ਰਤੀਤ ਹੁੰਦਾ ਹੈ ਜਿਵੇਂ ਕਿਧਰੇ ਸਵਰਗ ਦੀ ਕਿਸੇ ਨੁਕਰੇ ਬੈਠੇ ਹੋਈਏ ਜਾਂ ਬੈਕੁੰਠ ਵਿਚ ਵਸਦੇ ਹੋਈਏ। ਹੋਵੇ ਵੀ ਕਿਉਂ ਨਾ, ਇਸ ਘਰਾਣੇ ਦੀ ਉਸ ਮਹਾਨ ਸੰਗੀਤਕਾਰ ਤੇ ਅਨੁਭਵੀ ਗੁਰਮਤਿ ਸੰਗੀਤ ਸ਼ਖਸ਼ੀਅਤ ਨਾਲ ਸਾਂਝ ਹੈ ਜੋ ਸੰਤ ਸਰਵਣ ਸਿੰਘ ਡੁਮੇਲੀ ਵਾਲਿਆਂ ਦੇ ਰੂਪ ਵਿਚ ਦੇਸ ਵਿਦੇਸ ਜਾ ਕੇ ਗੁਰਬਾਣੀ ਦਾ ਗਾਇਨ ਕਰਦੇ ਸਨ।

ਰਾਤ ਦੇ ਦੀਵਾਨ ਤੋਂ ਫਾਰਗ ਹੋ ਕੇ ਜਦੋਂ ਸੌਣ ਲਈ ਹਾਲ ਕਮਰੇ ਵਿਚ ਆਏ ਤਾਂ ਪਤਾ ਲੱਗਾ ਕਿ ਸਾਡੇ ਜਥੇ ਦੇ ਕੁਝ ਮੈਂਬਰ ਤਾਂ ਬੜੇ ਔਖੇ ਪਹੁੰਚੇ ਸਨ। ਇਕ ਬੀਬੀ

ਬਲਬੀਰ ਕੌਰ ਦੀ ਹਾਲਤ ਬਹੁਤ ਖਰਾਬ ਸੀ ਉਨ੍ਹਾਂ ਦੇ ਪੈਰਾਂ ਤੇ ਤੇਲ ਦੀ ਮਾਲਿਸ਼ ਕੀਤੀ ਗਈ। ਉਧਰ ਪੰਡਤ ਮਾਧੋ ਰਾਮ ਜੀ ਕੁਝ ਵਡੇਰੀ ਉਮਰ, ਤੇ ਦੂਜਾ ਲੰਮੇ ਬਿਖੜੇ ਰਾਹ ਦਾ ਪੈਂਡਾ ਪੈਦਲ ਮੁਕਾਉਣ ਕਾਰਨ ਨਿਢਾਲ ਹੋਏ ਪਏ ਸਨ। ਸ. ਇੰਦਰ ਸਿੰਘ ਜੀ ਫੋਰਮੈਨ ਰਸਤੇ ਵਿਚ ਇਕ ਘੋੜੇ ਤੋਂ ਵਾਲ ਵਾਲ ਬਚ ਸਨ। ਇਹ ਹੀ ਨਹੀਂ ਸਗੋਂ ਸਾਡੇ ਜਥੇ ਵਿਚੋਂ ਤਾਂ ਸ. ਇੰਦਰਜੀਤ ਸਿੰਘ ਗੁਰਾਇਆਂ ਵਾਲੇ ਤੇ ਉਨ੍ਹਾਂ ਦੀ ਧਰਮ ਪਤਨੀ ਤਾਂ ਪਿਛੇ ਗੋਬਿੰਦ ਘਾਟ ਹੀ ਰਹਿ ਗਏ ਸਨ। ਪਤਾ ਲੱਗਾ ਕਿ ਤੁਰਨ ਲੱਗਿਆਂ ਉਨ੍ਹਾਂ ਦਾ ਬਚਾ ਅਚਾਨਕ ਢਿੱਲਾ ਹੋ ਗਿਆ ਸੀ।

ਗੋਬਿਦ ਧਾਮ ਵਿਖੇ ਸਾਰਿਆਂ ਨੇ ਰਾਤ ਵਿਸਰਾਮ ਕੀਤਾ। ਥਕਾਵਟ ਕਾਰਨ ਕਝ ਤਾਂ ਪੈਂਦੇ ਹੀ ਘਰਾੜੇ ਮਾਰਨ ਲੱਗ ਪਏ ਤੇ ਕੁਝ ਘਰਾੜਿਆਂ ਤੋਂ ਤੰਗ ਆ ਪ੍ਰੇਸ਼ਾਨ ਹੋਣ ਲੱਗੇ। ਉਧਰ ਸੁਵੱਖੜੇ ਉਠ ਪਾਵਨ ਅਸਥਾਨ ਸ੍ਰੀ ਹੇਮ ਕੁੰਟ ਸਾਹਿਬ ਦੇ ਦਰਸ਼ਨਾਂ ਦੀ ਤਾਂਘ ਸੀ। ਰਾਤ ਗੁਜਰੀ, ਅੰਮ੍ਰਿਤ ਵੇਲੇ ਉਠ ਕੇ ਸਾਰਿਆ ਨੇ ਗੋਬਿੰਦ ਧਾਮ ਦੇ ਪਾਵਨ ਸਰੋਵਰ ਵਿਚ ਇਸ਼ਨਾਨ ਕੀਤਾ। ਹਰ੍ਹ ਰਸਨਾ ਤੇ ਗੁਰਬਾਣੀ ਦਾ ਜਾਪ ਸੀ।

'ਕਰਿ ਇਸਨਾਨੁ ਸਿਮਰਿ ਪ੍ਰਭੁ ਅਪਣਾ ਮਨਿ ਤਨਿ ਭਏ ਅਰੋਗਾ ॥' ਕੋਈ ਜਪੁਜੀ ਸਾਹਿਬ ਦਾ ਪਾਠ ਕਰ ਰਿਹਾ ਸੀ ਤੇ ਕੋਈ ਹੋਰ ਗੁਰਵਾਕ ਉਚਾਰ ਰਿਹਾ ਸੀ। ਸਵੇਰ ਵੇਲੇ ਦਾ ਇਸ਼ਨਾਨ ਸਚ ਮੁਚ ਹੀ ਦੇਹ ਅਰੋਗਤਾ ਦਾ ਸੂਚਕ ਹੈ ਅਤੇ ਇਸ਼ਨਾਨ ਦੇ ਨਾਲ ਨਾਮ ਸਿਮਰਨ ਤਾਂ ਸੋਨੇ ਤੇ ਸੁਹਾਗੇ ਵਾਲੀ ਗੱਲ ਹੈ। ਕਾਸ਼ ! ਸਤਿਗੁਰੂ ਇਹਨਾ ਦਾਤਾ ਦੀ ਬਖਸ਼ਿਸ਼ ਹਰ ਵਿਅਕਤੀ ਨੂੰ ਕਰਨ।

ਉਧਰ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੇ ਦੀਵਾਨ ਸਜ ਗਏ ਸਨ। ਇਸ਼ਨਾਨ ਉਪਰੰਤ ਸਾਰਿਆਂ ਨੇ ਵਾਰੋ ਵਾਰ ਦੀਵਾਨ ਅਸਥਾਨ ਵਿਚ ਜਾ ਕੇ ਗੁਰੂ ਮਹਾਰਾਜ ਅਗੇ ਆਪਣੀ ਮੰਜਿਲ ਤੇ ਪਹੁੰਚਣ ਲਈ ਅਰਦਾਸ ਕੀਤੀ। ਸਾਰਿਆਂ ਦੇ ਮਨ ਵਿਚ ਦੁਸ਼ਟ-ਦਮਨ ਕਲਗੀਧਰ ਪਿਤਾ ਦਾ ਉਹ ਅਸਥਾਨ ਵੇਖਣ ਲਈ ਤੀਬਰ ਇੱਛਾ ਸੀ, ਜਿਥੇ ਬੈਠ ਕੇ ਗੁਰੂ ਸਾਹਿਬ ਨੇ ਅਕਾਲ ਪੁਰਖ ਦੀ ਅਰਾਧਨਾ ਕੀਤੀ ਸੀ।

ਧੁੰਧ ਮੁਕ ਰਹੀ ਸੀ। ਸੂਰਜ ਅਸਮਾਨ ਵਿਚ ਖੁਲ੍ਹ ਰਿਹਾ ਸੀ। ਦੁਆਲੇ ਉੱਚੀਆਂ ਪਹਾੜੀਆਂ ਦਾ ਦ੍ਰਿਸ਼ ਵੀ ਮਨ ਨੂੰ ਧੂ ਪਾਉਣ ਵਾਲਾ ਸੀ। ਰਸਤੇ ਵਿਚ ਹੀ ਸਾਥੀ ਸੰਗੀਆਂ ਨਾਲ ਨਿਤਨੇਮ ਦੀਆਂ ਕੁਝ ਬਾਣੀਆਂ ਦਾ ਪਾਠ ਕੀਤਾ। ਹੋਲੀ ਹੋਲੀ ਚੜ੍ਹਾਈ ਵਧਦੀ ਜਾ ਰਹੀ ਸੀ।

ਗੋਬਿੰਦ ਧਾਮ ਤੋਂ ਸ੍ਰੀ ਹੇਮ ਕੁੰਟ ਸਾਹਿਬ ਲਗਭਗ ਸਾਢੇ ਪੰਜ ਕਿਲੋਮੀਟਰ ਹੈ। ਗੋਬਿੰਦ ਧਾਮ ਤੋਂ ਕੋ ਕੁ ਮੀਲ ਦੀ ਵਿਥ ਤੇ ਖੱਬੇ ਪਾਸੇ ਫੁੱਲਾਂ ਦੀ ਘਾਟੀ ਹੈ। ਇਹ ਘਾਟੀ ਛੇ-ਸੱਤ ਮੀਲ ਦੇ ਰਕਬੇ ਵਿਚ ਫੈਲੀ ਹੋਈ ਹੈ। ਜਿੰਨੇ ਫੁੱਲ ਇਸ ਘਾਟੀ ਵਿਚ ਦੱਸੇ ਜਾਂਦੇ ਹਨ, ਸੰਸਾਰ ਵਿਚ ਸ਼ਾਇਦ ਹੀ ਕਿਤੇ ਹੋਣ। ਕਈ ਫੁੱਲ ਤਾਂ ਅਜਿਹੇ ਵੀ ਦੱਸੇ ਜਾਂਦੇ ਹਨ ਜਿਨ੍ਹਾਂ ਦਾ ਨਾਂ ਸ਼ਾਇਦ ਅਜੇ ਤਕ ਐਨਸਾਈਕਲੋਪੀਡੀਆ ਵਿਚ ਵੀ ਸ਼ਾਮਲ ਨਹੀਂ ਹੋਇਆ। ਇਹ ਸਾਰੇ ਫੁੱਲ ਕੁਦਰਤ ਨੇ ਆਪ ਹੀ ਉਗਾਏ ਹਨ ਆਪੇ ਹੀ ਸਿੰਜੇ ਹਨ ਅਤੇ

ਖੁਦ ਹੀ ਖਿੜਾਏ ਹਨ। ਆਖਦੇ ਹਨ ਇਕ ਯੂਰਪੀਨ ਲੇਡੀ ਇਹਨਾਂ ਫੁੱਲਾਂ ਦੀ ਹੀ ਹੋ ਕੇ ਰਹਿ ਗਈ ਸੀ। ਕਹਿੰਦੇ ਹਨ ਕਿ ਉਸ ਲੇਡੀ ਨੇ ਆਪਣਾ ਬਾਕੀ ਜੀਵਨ ਉਥੇ ਹੀ ਹੀ ਗੁਜ਼ਾਰ ਦਿੱਤਾ ਤੇ ਉਸ ਦਾ ਅੰਤ ਵੀ ਉਥੇ ਹੀ ਫੁੱਲਾਂ ਦੇ ਦਾਮਨ ਵਿਚ ਹੋਇਆ।

ਹੇਮ ਕੁੰਟ ਸਾਹਿਬ ਦੀ ਚੜ੍ਹਾਈ ਬਹੁਤ ਸਿੱਧੀ ਹੈ ਤੇ ਕਾਫ਼ੀ ਔਖੀ ਵੀ। ਕੁਝ ਚੜ੍ਹਾਈ ਪੌੜੀਆਂ ਰੂਪ ਵੀ ਹੈ ਤੇ ਗੋਲਾਈ ਰੂਪ ਵੀ। ਅਸੀਂ ਪੌੜੀਆਂ ਛੱਡ ਕੇ ਗੋਲਾਈ ਰੂਪ ਘੁੰਮ ਕੇ ਜਾਣਾ ਬਿਹਤਰ ਸਮਝਿਆ। ਪੌੜੀਆ ਚੜ੍ਹਨ ਨਾਲ ਇਕ ਤਾਂ ਸਾਹ ਜਿਆਦਾ ਚੜ੍ਹਦਾ ਹੈ ਤੇ ਜ਼ੋਰ ਲਗਣ ਕਾਰਨ ਥਕਾਵਟ ਵੀ ਜਿਆਦਾ ਹੁੰਦੀ ਹੈ। ਕਈ ਵਾਰ ਤਾਂ ਸਾਹ ਉਖੜ ਜਾਣ ਦਾ ਡਰ ਵੀ ਹੁੰਦਾ ਹੈ।

ਸਾਹਾਂ ਦੀ ਰਫਤਾਰ ਤੇਜ਼, ਕਿਸੇ ਦੀ ਦੂਜੇ ਨਾਲ ਗਲ ਕਰਨ ਨੂੰ ਹਿੰਮਤ ਨਹੀਂ। ਚੁਪਾਸੇ ਇਕ ਚੁਪ ਵਰਤੀ ਹੋਈ ਸੀ। ਦੁਆਲੇ ਉੱਚੀਆਂ ਬਰਫੀਲੀਆਂ ਪਹਾੜੀਆਂ ਤੇ ਹੇਠਾਂ ਡੂੰਘੀਆਂ ਖੱਡਾਂ ਵਿਚ ਨਿਰਮਲ ਜਲ ਦੀ ਧਾਰਾ ਹੀ ਨਜ਼ਰੀ ਆਉਂਦੀ ਸੀ। ਅਸੀਂ ਬਰਫਾਂ ਉਤੋਂ ਲੰਘੇ। ਵੱਡੇ ਵੱਡੇ ਗਲੇਸ਼ੀਅਰ ਖੁਰ ਰਹੇ ਸਨ। ਸਾਡੇ ਇਕ ਸਾਥੀ ਸ. ਬਲਬੀਰ ਸਿੰਘ ਦਾ ਸਾਹ ਤੇਜ਼ ਹੋ ਰਿਹਾ ਸੀ। ਉਹ ਔਖ ਮਹਿਸੂਸ ਕਰ ਰਹੇ ਸਨ। ਸ਼ਾਇਦ ਉਪਰ ਆਕਸੀਜਨ ਦੀ ਜ਼ਿਆਦਾ ਹੀ ਕਮੀ ਸੀ ਜਾਂ ਉਹ ਕੁਝ ਜ਼ਿਆਦਾ ਹੀ ਭਾਰੇ ਸਨ, ਪਰ ਉਹ ਹੌਂਸਲਾ ਹਾਰ ਬੈਠੇ ਸਨ, ਆਖਰ ਉਨ੍ਹਾਂ ਨੂੰ ਪਿਛੋਂ ਆਉਂਦੇ ਘੋੜਿਆਂ ਵਾਲੇ ਮੁਸਾਫਰਾਂ ਨਾਲ ਇਕ ਖਾਲੀ ਘੋੜੇ ਤੇ ਬਠਾਇਆ ਤੇ ਅਗਲਾ ਪੰਧ ਸ਼ੁਰੂ ਕੀਤਾ। ਸਾਡੇ ਪਿਛੇ ਹੀ ਘੋੜਿਆਂ ਵਾਲਾ ਇਕ ਹੋਰ ਜਥਾ ਆ ਗਿਆ ਜਿਸ ਵਿਚ ਸਾਡੇ ਹੀ ਜਥੇ ਦੇ ਬੰਦੇ ਸ. ਅਜੀਤ ਸਿੰਘ ਤੇ ਪੰਡਤ ਮਾਧੋ ਰਾਮ ਜੀ ਸਨ। ਪੰਡਤ ਮਾਧੋ ਰਾਮ ਜੀ ਨਾਲ ਵੀ ਸ. ਬਲਬੀਰ ਸਿੰਘ ਵਾਲੀ ਹੀ ਵਾਪਰੀ ਸੀ ਤੇ ਉਨ੍ਹਾਂ ਨੂੰ ਵੀ ਰਸਤੇ ਵਿਚੋਂ ਹੀ ਘੋੜਾ ਕਰਨਾ ਪਿਆ ਸੀ। ਘੋੜੇ ਵਾਲਿਆਂ ਦਾ ਇਹ ਭਾਵੇਂ ਕਾਰੋਬਾਰ ਜਾਂ ਧੰਦਾ ਹੈ ਪਰ ਉਹ ਵੀ ਦਸਮੇਸ਼ ਪਿਤਾ ਤੇ ਹੇਮ ਕੁੰਟ ਸਾਹਿਬ ਪ੍ਰਤੀ ਆਪਣੀ ਸ਼ਰਧਾ ਤੇ ਪਰਮ ਸਤਿਕਾਰ ਪ੍ਰਗਟਾਉਂਦੇ ਇਹ ਕਲਾਮ ਉਚਾਰਦੇ ਤੁਰੇ ਜਾਂਦੇ ਹਨ :

ਤੂਨੇ ਹਮ ਕੋ ਬੁਲਾਇਆ ਹੇਮ ਕੁੰਟ ਵਾਲਿਆ
ਮੈਂ ਆਇਆ ਮੈਂ ਆਇਆ ਹੇਮ ਕੁੰਟ ਵਾਲਿਆ।

ਵੱਡੇ ਗਲੇਸ਼ੀਅਰਾਂ ਤੋਂ ਲੰਘਦਿਆਂ ਸਾਹਮਣੇ ਹੀ ਥੋੜੀ ਉਚਾਈ ਉਤੇ ਸ੍ਰੀ ਹੇਮ ਕੁੰਟ ਸਾਹਿਬ ਦਾ ਪਾਵਨ ਅਸਥਾਨ ਨਜ਼ਰ ਆਉਣ ਲੱਗਾ। ਜਿਸ ਵੱਲ ਛੋਟੇ ਛੋਟੇ ਸ਼ਰਧਾਲੂ ਜਥਿਆਂ ਦੇ ਕਾਫਲੇ ਤੁਰੇ ਆ ਰਹੇ ਸਨ। ਸਾਰੇ ਉਸ ਪਾਵਨ ਧਰਤੀ ਦੀ ਛੋਹ ਮੱਥੇ ਲਾਉਣ ਲਈ ਕਾਹਲੇ ਪਏ ਹੋਏ ਸਨ।

ਆਲੇ ਦੁਆਲੇ ਉੱਚੀਆਂ ਉੱਚੀਆਂ ਚੋਟੀਆਂ, ਵਿਚਕਾਰ ਝਿਲਮਿਲ ਕਰਦੇ ਉਜਵਲ ਜਲ ਦੀ ਪਾਵਨ ਝੀਲ, ਨਾਲ ਹੀ ਮਹਾਨ ਗੁਰਧਾਮ ਦੀ ਬਿਲਡਿੰਗ ਤੇ ਝੂਲਦਾ ਕੇਸਰੀ ਨਿਸ਼ਾਨ ਸਾਹਿਬ, ਇਹ ਹੀ ਹੈ ਸ੍ਰੀ ਹੇਮ ਕੁੰਟ ਸਾਹਿਬ ਤਪੋ ਅਸਥਾਨ।

ਹੇਮ ਕੁੰਟ ਸਾਹਿਬ ਸਰੋਵਰ ਦੇ ਕੰਢਿਆਂ ਤੇ ਅਣਗਿਣਤ ਸੰਗਤਾਂ ਇਸ਼ਨਾਨ ਕਰ ਰਹੀਆਂ ਸਨ। ਇਹ ਸਰੋਵਰ ਦੋ-ਢਾਈ ਵਰਗ ਮੀਲ ਵਿਚ ਫੈਲਿਆ ਹੋਇਆ ਹੈ। ਸਰੋਵਰ ਦੇ ਦੁਆਲੇ ਉਪਰ ਬਰਫ ਲੱਦੇ ਸਪਤ ਸ੍ਰਿੰਗ ਦੀਆਂ ਉਚੀਆਂ ਚੋਟੀਆਂ ਉਤੇ ਕੇਸਰੀ ਨਿਸ਼ਾਨ ਸਾਹਿਬ ਲਹਿਰਾਉਂਦੇ ਸਾਫ ਵਿਖਾਈ ਦਿੰਦੇ ਹਨ। ਸਪਤ ਸ੍ਰਿੰਗ ਵਿਚਕਾਰ ਸ਼ੁਸ਼ੋਭਤ ਪਾਵਨ ਸਰੋਵਰ ਧੁੱਪ ਵਿਚ ਵਿਉਂ ਲਗਦਾ ਸੀ ਜਿਵੇਂ ਕਿਧਰੋਂ ਸੋਨਾ ਪਿਘਲ ਕੇ ਆ ਗਿਆ ਹੋਵੇ ਚਮਕਦਾ ਜਲ ਅੱਖਾਂ ਨੂੰ ਜਿਵੇਂ ਚੁੰਧਿਆ ਰਿਹਾ ਸੀ ਤੇ ਉਧਰ ਸੰਗਤਾਂ ਦੀਆਂ ਰੌਣਕਾਂ ਸਮੇਂ ਨੂੰ ਹੋਰ ਸੁਹਾਉਣਾ ਬਣਾ ਰਹੀਆਂ ਸਨ। ਸਾਰਾ ਦ੍ਰਿਸ਼ ਵੇਖ ਕੇ ਮਨ ਵਿਚ ਵਿਸਮਾਦ ਅਵਸਥਾ ਪੈਦਾ ਹੋਣ ਲੱਗੀ।

ਹੇਮ ਕੁੰਟ ਸਾਹਿਬ ਵਿਖੇ ਮੌਸਮ ਵੀ ਬੜਾ ਬੇ-ਭਰੋਸਗੀ ਵਾਲਾ ਹੈ। ਪਤਾ ਨਹੀਂ ਕਿਸ ਵੇਲੇ ਬੱਦਲ ਛਾ ਜਾਣ ਅਤੇ ਕਿਸ ਵੇਲੇ ਮੇਘਲੇ ਆ ਜਾਣ। ਅਸੀਂ ਇਸ ਮਹਾਨ ਤੀਰਥ ਅਸਥਾਨ ਦੇ ਦਰਸ਼ਨ ਕਰਕੇ ਵਡਭਾਗੇ ਮਹਿਸੂਸ ਕਰ ਰਹੇ ਸਾਂ ਅਤੇ ਮਹਾਨ ਗੁਰੂ ਦੇ ਚਰਨਾਂ 'ਚ ਸ਼ੁਕਰਾਨੇ ਕਰ ਰਹੇ ਸਾਂ।

ਦੁਸ਼ਟ-ਦਮਨ ਨੇ ਇਸ ਅਸਥਾਨ ਉਤੇ ਜਿਵੇਂ ਬਹਿਕੇ ਤਪਸਿਆ ਕੀਤੀ ਹੋਵੇਗੀ, ਉਸ ਦਾ ਅਨੁਮਾਨ ਲਾ ਕੇ ਅਕਲ ਦੇ ਖੰਭ ਝੜ ਜਾਂਦੇ ਹਨ। ਇਹ ਤਾਂ ਬਰਫਾਂ ਦਾ ਘਰ ਸੀ, ਤੇ ਬਰਫਾਂ ਤੋਂ ਛੁੱਟ ਹੋਰ ਕੁਝ ਵਿਖਾਈ ਹੀ ਨਹੀਂ ਦਿੰਦਾ। ਆਪਣੇ ਇਸ ਤਪ ਸਾਧਨਾ ਬਾਰੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ 'ਬਚਿੱਤਰ ਨਾਟਕ' ਵਿਚ ਖੁਦ ਫੁਰਮਾਉਂਦੇ ਹਨ:

ਅਬ ਮੈਂ ਅਪਨੀ ਕਥਾ ਬਖਾਨੋ ॥ ਤਪ ਸਾਧਤ ਜਿਹ ਬਿਧਿ ਮੋਹਿ ਆਨੋਂ ॥
ਹੇਮ ਕੁੰਟ ਪਰਬਤ ਹੈ ਜਹਾਂ ਸਪਤ ਸ੍ਰਿੰਗ ਸੋਭਤ ਹੈ ਤਹਾਂ ॥
ਸਪਤ ਸ੍ਰਿੰਗ ਤਿਹ ਨਾਮ ਕਹਾਵਾ ॥ ਪੰਡਰਾਜ ਜਹ ਜੋਗ ਕਮਾਵਾ ॥
ਤਹਾ ਹਮ ਅਧਿਕ ਤਪਸਿਆ ਸਾਧੀ ॥ ਮਹਾਂ ਕਾਲ ਕਾਲਕਾ ਅਰਾਧੀ ॥

ਹੋਰ ਫੁਰਮਾਨ ਹੈ:

ਇਹ ਬਿਧੀ ਕਰਤ ਤਪਸਿਆ ਭਯੋ। ਦਵੈ ਤੇ ਏਕ ਰੂਪ ਹੋ ਗਯੋ।

ਅਤੇ

ਕਹਿੰਦੇ ਹਨ ਕਿ ਜੇ ਹੇਮ ਕੁੰਟ ਸਾਹਿਬ ਪਹੁੰਚਦਿਆਂ ਹੀ ਪਾਵਨ ਸਰੋਵਰ ਵਿਚ ਇਸ਼ਨਾਨ ਨਾ ਕੀਤੇ ਜਾਣ ਤਾਂ ਬਾਅਦ ਵਿਚ ਇਸ਼ਨਾਨ ਕਰਨ ਵਿਚ ਕਾਫੀ ਤਕਲੀਫ ਹੁੰਦੀ ਹੈ। ਕਿਉਂਕਿ ਸਖਤ ਚੜ੍ਹਾਈ ਨਾਲ ਸਰੀਰ ਗਰਮ ਹੋਇਆ ਹੁੰਦਾ ਹੈ ਅਤੇ ਬਾਅਦ ਵਿਚ ਠੰਡਾ ਹੋਇਆ ਸਰੀਰ ਠੰਡੇ ਜਲ ਵਿਚ ਪੈਂਦਿਆਂ ਹੀ ਸੁੰਨ ਹੋ ਜਾਂਦਾ ਹੈ।

ਵਾਤਾਵਰਣ ਦੀ ਪਵਿਤਰਤਾ, ਸਵੱਛਤਾ, ਸਰਲਤਾ ਤੇ ਖੂਬਸੂਰਤੀ ਸਚ ਮੁਚ ਹੀ ਇਥੇ ਵੇਖਣ ਨੂੰ ਮਿਲਦੀ ਹੈ। ਕੁਦਰਤ ਨਾਲ ਗੱਲਾਂ ਕਰਨ ਨੂੰ ਜੀਅ ਕਰਦਾ ਹੈ ਅਤੇ

'ਨੀਲ ਕੰਠ ਨਰਹਰਿ ਨਾਰਾਇਣ ..ਪਾਵਨ ਪਉਣ ਅਹਾਰੀ' ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਆਉਂਦੀ ਹੈ।

ਕਈ ਭੁਲੜ ਹੇਮ ਕੁੰਟ ਸਾਹਿਬ ਦੇ ਪਾਵਨ ਅਸਥਾਨ ਬਾਰੇ ਕਿੰਤੂ ਕਰਦੇ ਸੁਣੇ ਜਾਂਦੇ ਹਨ। ਅਜੋਕੇ ਪਦਾਰਥਵਾਦੀ ਯੁਗ ਵਿਚ ਮਨੁੱਖ ਨੇ ਆਪਣੀਆਂ ਲੋੜਾਂ ਵਧਾ ਲਈਆਂ ਹਨ, ਪੈਸੇ ਨੂੰ ਨਿਸ਼ਾਨਾ ਮਿਥਿਆ ਹੈ, ਕਈ ਮਾਨਸਿਕ ਰੋਗ ਸਹੇੜ ਲਏ ਹਨ ਅਜਿਹੇ ਭੁਲੜਾਂ ਲਈ ਹੇਮ ਕੁੰਟ ਸਾਹਿਬ ਜਰੂਰ ਕਿੰਤੂ ਬਣਿਆ ਰਹੇਗਾ। ਪ੍ਰੰਤੂ ਜਿਥੇ ਪ੍ਰੇਮ ਸੰਜਮ ਤੇ ਉਦਮ ਹੋਵੇ, ਉਹਨਾਂ ਪ੍ਰੇਮੀਆਂ ਲਈ ਹੇਮ ਕੁੰਟ ਸਾਹਿਬ ਇਕ ਬਹੁਤ ਵੱਡਾ ਪੈਗਾਮ ਹੈ, ਜੋ ਅਜੋਕੇ ਜੁਗ ਦੀ ਸੜ ਰਹੀ ਮਨੁੱਖਤਾ ਲਈ ਸ਼ਾਂਤ ਬੂੰਦ ਤੋਂ ਘਟ ਨਹੀਂ।

ਸ੍ਰੀ ਹੇਮ ਕੁੰਟ, ਸਮੁੰਦਰੀ ਤਲ ਤੋਂ 15210 ਫੁਟ ਦੀ ਉਚਾਈ ਤੇ ਸਥਿਤ ਹੈ। ਗੁਰਦਵਾਰਾ ਸਾਹਿਬ, ਜੋ ਪਾਵਨ ਸਰੋਵਰ ਦੇ ਕੰਢੇ ਹੈ, 1936 ਈ: ਵਿਚ ਸੰਤ ਸੋਹਣ ਸਿੰਘ ਜੀ ਨੇ ਤਿਆਰ ਕਰਵਾਇਆ ਸੀ। ਕਹਿੰਦੇ ਹਨ ਕਿ ਇਹ ਗੁਰਦੁਆਰਾ ਸਾਹਿਬ ਉਸ ਅਸਥਾਨ ਉਤੇ ਹੈ ਜਿਥੇ ਦੁਸ਼ਟਦਮਨ ਗੁਰੂ ਨੇ ਮਹਾਨ ਤਪ ਕੀਤਾ ਸੀ ਤੇ ਉਹਦੇ ਤੋਂ ਇਕ ਰੂਪ ਹੋ ਗਏ ਸਨ।

ਏਥੇ ਸੰਗਤਾਂ ਦੇ ਬਿਸਰਾਮ ਲਈ ਪੰਜਾਬੀ ਸਾਹਿਤ ਦੇ ਮਹਾਨ ਉਸਰੀਏ ਭਾਈ ਡਾ. ਵੀਰ ਸਿੰਘ ਜੀ ਦੇ ਨਾਂ ਤੇ ਭਾਈ ਵੀਰ ਸਿੰਘ ਨਿਵਾਸ ਅਸਥਾਨ ਵੀ ਬਣਿਆ ਹੋਇਆ ਹੈ। ਇਹ ਭਾਈ ਵੀਰ ਸਿੰਘ ਜੀ ਹੀ ਸਨ ਜਿਨ੍ਹਾਂ ਸਭ ਤੋਂ ਪਹਿਲਾਂ ਸੰਤ ਸੋਹਣ ਸਿੰਘ ਜੀ ਨੂੰ ਇਸ ਗੁਰਧਾਮ ਦੀ ਉਸਾਰੀ ਲਈ ਭੇਜਿਆ, ਮਾਇਆ ਘੱਲੀ ਤੇ ਅਗਲੀ ਵਿਉਂਤਬੰਦੀ ਵੀ ਕੀਤੀ। ਭਾਈ ਸਾਹਿਬ ਜੀ ਦੀ ਅਪੀਲ ਸਦਕਾ ਹੀ ਇਕ ਤਕੜੀ ਰਕਮ 'ਚੀਫ ਖਾਲਸਾ ਦੀਵਾਨ ਸਹਾਇਕ ਟਰੱਸਟ' ਪਾਸ ਜਮ੍ਹਾਂ ਹੈ ਜਿਸਦਾ ਵਿਆਜ ਹਰ ਸਾਲ ਗੁਰਦਵਾਰਾ ਸ੍ਰੀ ਹੇਮ ਕੁੰਟ ਸਾਹਿਬ ਮੈਨੇਜਮੈਂਟ ਟਰਸਟ ਨੂੰ ਖਰਚੇ ਆਦਿ ਲਈ ਮਿਲਦਾ ਹੈ।

ਕਿਹਾ ਜਾਂਦਾ ਹੈ ਕਿ ਸ੍ਰੀ ਹੇਮ ਕੁੰਟ ਸਾਹਿਬ ਦੀ ਯਾਤਰਾ ਲਈ ਪਹਿਲੇ ਛੇ ਜਥੇ 1952 ਤੋਂ 1956 ਈ: ਤਕ ਮਾਸਟਰ ਕਰਮ ਸਿੰਘ ਜੀ ਦੀ ਅਗਵਾਈ ਹੇਠ ਚੀਫ ਖਾਲਸਾ ਦੀਵਾਨ ਨੇ ਹੀ ਭੇਜੇ ਸਨ ਤੇ ਇਸ ਪਿਛੋਂ ਇਹ ਸਿਲਸਿਲਾ ਹਰ ਸਾਲ ਲਗਾਤਾਰ ਜਾਰੀ ਹੈ। ਹਜ਼ਾਰਾਂ ਦੀ ਗਿਣਤੀ ਵਿਚ ਸ਼ਰਧਾਲੂ ਇਸ ਥਾਂ ਪੁਜਕੇ, ਪਾਵਨ ਛੋਹ ਪ੍ਰਾਪਤ ਕਰਦੇ ਹਨ।

ਸ੍ਰੀ ਹੇਮ ਕੁੰਟ ਸਬੰਧੀ ਕਈ ਲੇਖਕਾਂ ਦੁਆਰਾ ਵਰਨਣ ਕੀਤਾ ਗਿਆ ਸੀ, ਜਿਨ੍ਹਾਂ ਵਿਚ ਭਾਈ ਸੰਤੋਖ ਸਿੰਘ ਤੇ ਭਾਈ ਵੀਰ ਸਿੰਘ ਜੀ ਦਾ ਜ਼ਿਕਰ ਖਾਸ ਤੌਰ ਤੇ ਵਰਨਣ ਯੋਗ ਹੈ ਪਰ ਸਫਲ ਭਾਲ ਗਿ: ਤਾਰਾ ਸਿੰਘ ਜੀ ਨਰੋਤਮ ਦੁਆਰਾ ਹੀ ਕੀਤੀ ਗਈ। ਕਹਿੰਦੇ ਹਨ ਕਿ ਗਿ: ਤਾਰਾ ਸਿੰਘ ਜੀ ਨਰੋਤਮ ਨੇ ਗੰਧ ਮਾਧਿਅਮ ਦੇ ਪਹਾੜ ਜਿਸ ਤੇ ਬਦਰੀ ਨਾਥ ਬਣਿਆ ਹੈ, ਤੋਂ ਪਾਂਡਕੇਸ਼ਵਰ ਰਾਮ ਦਾ ਟਿਕਾਣਾ ਲਭਿਆ ਤੇ ਉਥੋਂ ਹੀ ਪੁਰਾਣੇ ਨਿਸ਼ਾਨਾਂ ਦੀ ਸਹਾਇਤਾ ਨਾਲ ਸ੍ਰੀ ਹੇਮ ਕੁੰਟ ਸਾਹਿਬ ਦਾ ਟਿਕਾਣਾ ਲਭਿਆ

ਜਿਥੇ ਕਿ ਪਹਿਲੇ ਸਮਿਆਂ ਤੋਂ ਹੀ ਇਕ ਪੁਰਾਣਾ ਥੜਾ ਬਣਿਆ ਹੋਇਆ ਸੀ। ਗਿ: ਨਰੋਤਮ ਜੀ ਨੇ ਇਹ ਸਾਰਾ ਹਾਲ ਆਪਣੀ ਪੁਸਤਕ 'ਗੁਰ ਤੀਰਥ ਸੰਗ੍ਰਹਿ' ਵਿਚ ਅੰਕਿਤ ਕੀਤਾ ਹੈ।

ਡਾ. ਭਾਈ ਵੀਰ ਸਿੰਘ ਜੀ ਨੇ ਗਿਆਨੀ ਜੀ ਦੀ ਖੋਜ ਦੀ ਪੁਸ਼ਟੀ ਕੀਤੀ ਤੇ ਸ੍ਰੀ ਹੇਮ ਕੁੰਟ ਸਾਹਿਬ ਦੇ ਟਿਕਾਣੇ ਨੂੰ ਸਹੀ ਮੰਨਿਆ। ਮਗਰੋਂ ਸੰਤ ਸੋਹਨ ਸਿੰਘ ਜੀ ਨੇ 1934 ਈ: ਵਿਚ ਇਸ ਅਸਥਾਨ ਦੇ ਪਹਿਲੀ ਵੇਰ ਦਰਸ਼ਨ ਕੀਤੇ ਤੇ ਇਥੇ ਇਕ ਗੁਰਧਾਮ ਬਣਾਉਣ ਦਾ ਸੰਕਲਪ ਲਿਆ। ਜਦੋਂ ਭਾਈ ਵੀਰ ਸਿੰਘ ਜੀ ਨਾਲ, ਸੰਤ ਜੀ ਦਾ ਮੇਲ ਹੋਇਆ ਤਾਂ ਭਾਈ ਸਾਹਿਬ ਨੇ ਇਸ ਅਸਥਾਨ ਦੀ ਮਹਾਨਤਾ ਨੂੰ ਮੰਨਦਿਆਂ ਹੋਇਆਂ, ਸੰਤ ਜੀ ਨੂੰ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਪਾਵਨ ਬੀੜ, ਲੋੜੀਂਦਾ ਸਾਮਾਨ ਦੇ ਕੇ ਘੱਲਿਆ। ਦੋ ਹਜ਼ਾਰ ਰੁਪਏ ਖਰਚਿਆਂ ਲਈ ਵੀ ਘਲੇ ਤੇ ਪਿਛੋਂ ਵੀ ਘਲਦੇ ਰਹੇ।

ਇਥੇ ਜਿਹੜਾ ਗੁਰਦਵਾਰਾ ਸਾਹਿਬ ਉਸਾਰਿਆ ਗਿਆ ਉਹ 10'×10' ਸੀ ਜੋ 1936 ਈ: ਵਿਚ ਬਣਕੇ ਮੁਕੰਮਲ ਹੋਇਆ ਸੀ।

ਸੰਤ ਸੋਹਣ ਸਿੰਘ ਜੀ ਦੇ ਸਹਾਇਕ ਹਵਾਲਦਾਰ ਬਾਬਾ ਮੋਦਨ ਸਿੰਘ ਜੀ ਹੀ ਰਹੇ, ਜਿਨਾਂ ਦਾ ਜ਼ਿਕਰ ਪਹਿਲਾਂ ਹੀ ਆ ਚੁਕਿਆ ਹੈ।

ਸੰਤ ਸੋਹਣ ਸਿੰਘ ਜੀ ਜਦੋਂ ਸ੍ਰੀ ਹੇਮ ਕੁੰਟ ਸਾਹਿਬ ਜੀ ਦੇ ਗੁਰਧਾਮ ਦੀ ਸੇਵਾ ਕਰਵਾ ਰਹੇ ਸਨ ਤਾਂ ਉਹਨਾਂ ਦਾ ਮੇਲ ਉਥੋਂ ਦੇ ਦੋ ਚਿਰੰਜੀਵੀ ਜੋਗੀਆਂ ਨਾਲ ਹੋਇਆ ਸੀ, ਜਿਨਾਂ ਵਿਚੋਂ ਪਹਿਲੇ ਜੋਗੀ ਰਾਜ ਨੇ ਅਸੀਸ ਦਿੰਦਿਆਂ ਕਿਹਾ ਸੀ, 'ਸ਼ਾਬਾਸ਼! ਤੁਮ ਅੱਛਾ ਕਰ ਰਹੇ ਹੋ, ਯਹੀ ਹੈ, ਯਹੀ ਹੈ, ਗੁਰੂ ਕਾ ਅਸਥਾਨ ਠੀਕ ਯਹੀ ਹੈ।'

ਜੋਗੀਰਾਜ ਬਾਰੇ ਪਤਾ ਲਗਿਆ ਕਿ ਉਹ ਕਾਫੀ ਵਡੇਰੀ ਆਯੂ ਦੇ ਸਨ ਤੇ ਨਗਨ ਰਹਿੰਦੇ ਸਨ। ਜੋਗੀ ਦੇ ਸਰੀਰ ਤੋਂ ਚਿੱਟੇ ਰੋਮ ਸੋਭਦੇ ਸਨ ਤੇ ਉਹਨਾਂ ਦਾ ਮੇਲ ਸੰਤ ਸੋਹਣ ਸਿੰਘ ਜੀ ਨਾਲ ਉਦੋਂ ਹੋਇਆ ਜਦੋਂ ਕਿ ਸੰਤ ਜੀ ਸ੍ਰੀ ਹੇਮ ਕੁੰਟ ਸਾਹਿਬ ਜੀ ਦੇ ਗੁਰਧਾਮ ਦੀ ਸੇਵਾ ਕਰਵਾ ਰਹੇ ਸਨ। ਸੰਤ ਸੋਹਣ ਸਿੰਘ ਜੀ ਨੂੰ ਜੋਗੀਰਾਜ ਬਾਰੇ ਉਥੋਂ ਦੇ ਵਸਨੀਕਾਂ ਨੇ ਪਹਿਲਾਂ ਕਾਫੀ ਕੁਝ ਦੱਸਿਆ ਹੋਇਆ ਸੀ। ਇਲਾਕਾ ਨਿਵਾਸੀਆਂ ਨੇ ਸੰਤ ਜੀ ਨੂੰ ਦੱਸਿਆ ਕਿ ਜੋਗੀਰਾਜ ਬਹੁਤ ਘੱਟ ਬੋਲਦੇ ਹਨ ਤੇ ਕਿਸੇ ਨੂੰ ਕੁਝ ਨਹੀਂ ਕਹਿੰਦੇ, ਇਹ ਵੀ ਦਸਿਆ ਕਿ ਜ ਕਦੇ ਕਿਸੇ ਭਾਗਾਂ ਨੂੰ ਉਹ ਮਿਲ ਪੈਣ ਤੇ ਉਸ ਉਪਰ ਕੋਈ ਬਖਸ਼ਿਸ ਕਰਨੀ ਹੋਵੇ ਤਾਂ ਹੱਥ ਉਚਾ ਚੁੱਕ ਕੇ ਅਸੀਸ ਦੇ ਕੇ ਅੱਗੇ ਤੁਰ ਜਾਂਦੇ ਹਨ। ਸੰਤ ਸੋਹਣ ਸਿੰਘ ਜੀ ਨੂੰ ਮਿਲਣੀ ਸਮੇਂ ਇਹੋ ਕੁਝ ਆਖਿਆ ਸੀ ਜਿਸਦਾ ਜਿਕਰ ਪਹਿਲਾਂ ਆ ਚੁੱਕਿਆ ਹੈ। ਜੋਗੀ ਰਾਜ ਨੇ ਵੀ ਸ੍ਰੀ ਹੇਮਕੁੰਟ ਸਾਹਿਬ ਦੇ ਅਸਥਾਨ ਦੀ ਪੁਸ਼ਟੀ ਕੀਤੀ ਸੀ।

ਬਰਫਾਂ ਦੇ ਇਸ ਆਲੇ ਦੁਆਲੇ ਵਿਚ ਇਕ ਹੋਰ ਜੋਗੀ ਰਾਜ ਬਾਰੇ ਪਤਾ ਲਗਿਆ ਜਿਸਦੀ ਮਿਲਣੀ ਹਵਾਲਦਾਰ ਮੋਦਨ ਸਿੰਘ ਜੀ ਨਾਲ ਹੋਈ ਸੀ।

ਹਵਾਲਦਾਰ ਮੋਦਨ ਸਿੰਘ ਜੀ ਦੱਸਦੇ ਸਨ ਜਿਵੇਂ ਕਿ ਪੜ੍ਹਿਆ ਤੇ ਸੁਣਿਆਂ ਗਿਆ ਹੈ ਉਹ ਜੋਗੀਰਾਜ ਬਦਰੀ ਨਾਥ ਤੋਂ ਅੱਗੇ ਵਸੂਧਾਰਾ ਵਿਚ ਰਿਹਾ ਕਰਦੇ ਸਨ ਦੱਸਦੇ ਹਨ ਕਿ ਜੋਗੀਰਾਜ ਦਾ ਅਕਾਲ ਚਲਾਣਾ ਕੁਝ ਵਰੇ ਪਹਿਲਾਂ ਹੀ ਹੋਇਆ ਹੈ ਉਹ ਵੀ ਬਰਫਾਂ ਵਿਚ ਨਗਨ ਹੀ ਰਿਹਾ ਕਰਦੇ ਸਨ ਜੋਗੀਰਾਜ ਅਕਸਰ ਸਮਾਧੀ ਸਥਿਤ ਹੀ ਹੁੰਦੇ ਸਨ ਉਹਨਾਂ ਕੋਲ ਲੋਕੀ ਭੋਜਨ ਤੇ ਹੋਰ ਪਦਾਰਥ ਰਖ ਜਾਂਦੇ ਸਨ, ਪਰ ਉਹ ਨਾ ਹੀ ਕੁਝ ਖਾਂਦੇ ਦੇਖੇ ਗਏ ਤੇ ਨਾ ਹੀ ਕੁਝ ਪਹਿਣਦੇ।

ਹਵਾਲਦਾਰ ਜੀ ਨੇ ਦੱਸਿਆ ਕਿ ਉਹ ਜੋਗੀ ਰਾਜ ਨੂੰ ਇਕ ਕੰਬਲ ਭੇਟ ਕਰਕੇ ਆਏ ਜਦੋਂ ਅਗਲੇ ਸਾਲ ਉਹ ਜੋਗੀ ਰਾਜ ਦੇ ਦਰਸ਼ਨਾਂ ਨੂੰ ਗਏ ਤਾਂ ਕੰਬਲ ਦੇ ਚੀਥੜੇ ਉਥ ਪਏ ਸਮ ਤੇ ਉਹ ਖੁਦ ਪ੍ਰਭੂ ਭਗਤੀ ਵਿਚ ਲੀਨ ਸਨ।

ਹਵਾਲਦਾਰ ਜੀ ਨੇ ਸਮਾਧੀ ਉਥਾਨ ਪਿਛੋਂ ਜੋਗੀਰਾਜ ਨਾਲ ਕਈ ਵਾਰ ਵਾਰਤਾਲਪ ਵੀ ਕੀਤੇ। ਜੋਗੀ ਰਾਜ ਪੁਰਾਣਕ ਕਥਾਵਾਂ ਸੁਣਾਇਆ ਕਰਦੇ ਸਨ ਉਹ ਪਰਬਤਾਂ ਦੇ ਪੁਰਾਣਕ ਸੰਬੰਧਾ ਦੀ ਚੋਖੀ ਜਾਣਕਾਰੀ ਰਖਦੇ ਸਨ। ਜੋਗੀਰਾਜ ਨੇ ਹਵਾਲਦਾਰ ਜੀ ਨੂੰ ਸ੍ਰੀ ਹੇਮਕੁੰਟ ਸਾਹਿਬ ਬਾਰੇ ਜੋ ਪੁਸ਼ਟੀ ਕੀਤੀ ਉਹ ਇਸ ਤਰ੍ਹਾਂ ਹੈ :

'ਹਾਂ ਗੁਰੂ ਕਾ ਅਸਥਾਨ ਯਹੀ ਹੈ ਜਹਾਂ ਗੁਰੂ ਜੀ ਨੇ ਬਹੁਤ ਤਪੱਸਿਆ ਕੀ ਹੈ। ਹਮਾਰੇ ਪੂਰਵਜ ਗੁਰੂ ਯਹੀ ਅਸਥਾਨ 'ਤਪੱਸੀ ਰਾਜ ਗੁਰੂ ਅਸਥਾਨ' ਕਹਿ ਕਰ ਪੂਜਨ ਕੀਆ ਕਰਤੇ ਥੇ।'

ਹਵਾਲਦਾਰ ਜੀ ਸੰਗਤਾਂ ਨੂੰ ਦੱਸਦੇ ਸਨ ਕਿ ਜੋਗੀਰਾਜ ਇਸ ਅਸਥਾਨ ਉਤੇ ਗੁਰਧਾਮ ਉਸਾਰਨ ਤੇ ਬਹੁਤ ਖੁਸ਼ ਸਨ ਤ ਬੜੀਆਂ ਅਸੀਸਾਂ ਦਿੰਦੇ ਸਨ।

ਸੰਤ ਜੀ ਤੇ ਹਵਾਲਦਾਰ ਜੀ ਉਪ੍ਰਕਤ ਦੋ ਚਿਰਜੀਵੀ ਜੋਗੀਆਂ ਦੀਆਂ ਅਸੀਸਾਂ ਤੋਂ ਹੀ ਏਨੇ ਪ੍ਰਭਾਵਤ ਹੋਏ ਕਿ ਗੁਰਧਾਮ ਉਸਾਰਨ ਦਾ ਮਿਸ਼ਨ ਸਹਿਤ ਮੁਕੰਮਲ ਹੋ ਗਿਆ ਤੇ ਇਸ ਤਰ੍ਹਾਂ ਸੰਤ ਸੋਹਣ ਸਿੰਘ ਤੇ ਹਵਾਲਦਾਰ ਮੋਦਨ ਸਿੰਘ ਦੀਆਂ ਘਾਲਨਾਵਾਂ ਹਿੰਮਤਾਂ ਤੇ ਮਿਹਨਤਾਂ ਨੂੰ ਫਲ ਲਗਿਆ ਤੇ ਇਹ ਗੁਰਦੁਆਰਾ ਸੰਗਤਾਂ ਵਿਚ ਦਿਨ ਦੂਣੀ ਤੇ ਰਾਤ ਚੋਗੁਣੀ ਦੇ ਅਖਾਣ ਅਨੁਸਾਰ ਪ੍ਰਸਿਧੀ ਦੀਆਂ ਮੰਜ਼ਲਾਂ ਤਹਿ ਕਰਦਾ ਗਿਆ।

ਇਕ ਘੋੜੇ ਵਾਲੇ ਨੇ ਦੱਸਿਆ ਸੀ ਕਿ ਸ੍ਰੀ ਹੇਮ ਕੁੰਟ ਸਾਹਿਬ ਜੀ ਦੇ ਪਾਵਨ ਅਸਥਾਨ ਉਤੇ ਕੀਤੀ ਅਰਦਾਸ ਕਦੇ ਵੀ ਬਿਰਥੀ ਨਹੀਂ ਗਈ। ਆਪਣੀ ਜਿੰਦਗੀ ਦੀਆਂ ਪ੍ਰਾਪਤੀਆਂ ਬਾਰੇ ਘੋੜੇ ਵਾਲਾ ਸੁਣਾ ਸੁਣਾ ਕੇ ਬਹੁਤ ਖੁਸ਼ ਹੁੰਦਾ ਤੇ ਸਾਰੀਆਂ ਪ੍ਰਾਪਤੀਆਂ ਦਾ ਕਾਰਨ ਸ੍ਰੀ ਹੇਮ ਕੁੰਟ ਸਾਹਿਬ ਦੇ ਪਾਵਨ ਅਸਥਾਨ ਤੇ ਮਹਾਨ ਗੁਰੂ ਦੀਆਂ ਬਖਸ਼ਸ਼ਾਂ ਦੱਸਦਾ ਕਿੰਨੀਆਂ ਹੀ ਸਾਖੀਆਂ ਸ੍ਰੀ ਹੇਮ ਕੁੰਟ ਸਾਹਿਬ ਬਾਰੇ ਉਥੋਂ ਦੇ ਵਸਨੀਕਾਂ ਕੋਲੋਂ ਸੁਨਣ ਲਈ ਮਿਲਦੀਆਂ ਹਨ।

ਸਾਡੇ ਜਥੇ ਵਿਚੋਂ ਭਾਈ ਹਰਨੇਕ ਸਿੰਘ ਜੀ, ਜੋ ਬੜੇ ਸਾਧੂ ਸੁਭਾਅ ਵਿਅਕਤੀ ਸਨ, ਸਰੋਵਰ ਤੇ ਗੁਰਧਾਮ ਵਿਚਕਾਰ ਬੇ ਸੁਰਤੀ ਅਵਸਥਾ ਵਿਚ ਗੁੰਮ ਹੋ ਗਏ, ਲੇਟੇ ਪਏ ਸਨ। ਉਨ੍ਹਾਂ ਨੂੰ ਸੁਰਤ ਵਿਚ ਲਿਆਉਣ ਦੀਆਂ ਕੋਸ਼ਿਸ਼ਾਂ ਕਰਨ ਲੱਗੇ। ਪਰ ਉਨ੍ਹਾਂ ਦੀ

ਸੁਰਤ ਤਾਂ ਕਿਸੇ ਪਿਆਰੇ ਨਾਲ ਇਕ ਸੁਰ ਹੋਈ ਪਈ ਸੀ। ਕੁਝ ਸਮੇਂ ਬਾਅਦ ਜਦੋਂ ਉਨ੍ਹਾਂ ਦੀ ਸੁਰਤ ਪਰਤੀ ਤਾਂ ਉਹ ਬੜੇ ਪ੍ਰਸੰਨ ਚਿਤ ਨਜ਼ਰ ਆਏ। ਜਦੋਂ ਭਾਈ ਸਾਹਿਬ ਤੋਂ ਉਨ੍ਹਾਂ ਦੀ ਉਸ ਅਵਸਥਾ ਬਾਰੇ ਪੁੱਛਿਆ ਤਾਂ ਉਨਾਂ ਕੇਵਲ ਇਹੋ ਕਿਹਾ ਕਿ 'ਜੋਤ ਦਾ ਜੋਤ ਨਾਲ ਮੇਲ ਸੀ।' ਜੇ ਹੋਰ ਜਾਣਨਾ ਚਾਹਿਆ ਤਾਂ ਬਾਬਾ ਮੋਦਨ ਸਿੰਘ ਦਾ ਨਾਂ ਲਿਆ। ਰੂਹਾਨੀਅਤ ਦੀ ਦੁਨੀਆਂ ਦਾ ਮੇਲ ਪ੍ਰਤੱਖ ਰੂਪ ਵਿਚ ਸਾਡੇ ਸਾਹਮਣੇ ਸੀ। ਉਂਜ ਵੀ ਭਾਈ ਸਾਹਿਬ ਛੋਟੀ ਉਮਰ ਤੋਂ ਹੀ ਵੱਡੀਆਂ ਮੱਲਾਂ ਮਾਰਨ ਵਾਲੇ ਸਾਧੂ ਸੁਭਾਅ ਵਿਅਕਤੀ ਹਨ, ਸੇਵਾ ਜਿਨਾਂ ਦੀ ਮੰਜ਼ਲ ਹੈ ਤੇ ਸਿਮਰਨ ਇਸ਼ਕ।

ਸ੍ਰੀ ਹੇਮ ਕੁੰਟ ਸਾਹਿਬ ਵਿਖੇ ਇਕ ਹਾਲ ਕਮਰੇ ਵਿਚ ਚਾਹ ਦੇ ਲੰਗਰ ਦਾ ਪ੍ਰਬੰਧ ਹੈ। ਧੰਨ ਸੇਵਾ, ਧੰਨ ਸਿਦਕ ਤੇ ਧੰਨ ਕਮਾਈ ਉਹਨਾਂ ਪ੍ਰੇਮੀਆਂ ਦੀ ਜੋ ਏਡੀਆਂ ਵੱਡੀਆਂ ਉਚਾਈਆਂ ਤੇ ਵੀ ਗੁਰੂ ਸਾਹਿਬਾਨ ਦੇ ਮਹਾਨ ਅਸੂਲਾਂ ਤੇ ਫੁੱਲ ਚੜ੍ਹਾ ਰਹੇ ਹਨ।

ਸ੍ਰੀ ਹੇਮ ਕੁੰਟ ਸਾਹਿਬ ਦੇ ਦਰਬਾਰ ਸਾਹਿਬ ਵਿਚ ਸੰਗਤਾਂ ਜੁੜ ਗਈਆਂ। ਸਾਡੇ ਜਥੇ ਦੀ ਸੰਗਤ ਵੀ ਪਹੁੰਚ ਗਈ। ਭਾਈ ਮਹਿੰਦਰ ਸਿੰਘ ਜੀ ਕੀਰਤਨ ਕਰਨ ਲਗੇ। ਉਨ੍ਹਾਂ ਸ਼ਬਦ ਗਾਇਨ ਕੀਤਾ:

'ਲਖ ਖੁਸੀਆਂ ਪਾਤਸਾਹੀਆਂ ਜੇ ਸਤਿਗੁਰੂ ਨਦਰਿ ਕਰੇ ॥' ਸਚ ਮੁਚ ਹੀ ਇਹ ਸੰਗਤ ਗੁਰੂ ਸਾਹਿਬ ਦੀਆਂ ਬਖਸ਼ੀਆਂ ਖੁਸ਼ੀਆਂ ਦੀ ਦਾਤ ਮਾਣ ਰਹੀ ਸੀ। ਸ਼ਬਦ ਦੇ ਹੋਰ ਬੋਲ ਗੂੰਜੇ:

'ਨਿਮਖ ਏਕ ਹਰਿਨਾਮ ਦੇ ਮੇਰਾ ਮਨ ਤਨ ਸੀਤਲ ਹੋਇ ॥' ਜਿੰਦਗੀ ਦੇ ਅਜਿਹੇ ਛਿਨਾਂ ਦੀ ਕੋਈ ਕੀ ਕੀਮਤ ਦੇ ਸਕਦਾ ਹੈ ਜਦੋਂ ਹਰੀ ਦੇ ਨਾਮ ਵਿਚ ਰੰਗੇ ਪ੍ਰੇਮੀ ਕਿਸੇ ਅਕਹਿ ਵਿਸਮਾਦ ਵਿਚ ਗੜੂੰਦ ਸਨ। ਗੂੰਗੇ ਦੀ ਮਠਿਆਈ ਵਾਲਾ ਸਹਿਜ ਅਨੰਦ। ਬਿਆਨੋਂ ਬਾਹਰ। ਜੀ ਕਰਦਾ ਸੀ ਸ਼ਬਦ ਮੁੱਕੇ ਹੀ ਨਾ, ਭਾਈ ਸਾਹਿਬ ਗਾਉਂਦੇ ਰਹਿਣ। ਅਸੀਂ ਸੁਣਦੇ ਰਹੀਏ ਤੇ ਮਨ ਦੀਆਂ ਕਾਲਖਾਂ ਧੁਪਦੀਆਂ ਰਹਿਣ। ਉਪਰੋਕਤ ਸ਼ਬਦ ਦੀ ਸਮਾਪਤੀ ਤੋਂ ਬਾਅਦ ਐਸ. ਪੀ. ਸਿੰਘ ਤੇ ਕੇਸਰ ਸਿੰਘ ਨੇ ਇਕ ਸ਼ਬਦ ਦਾ ਗਾਇਨ ਕੀਤਾ ਤੇ ਫਿਰ ਸ. ਰਣਜੀਤ ਸਿੰਘ ਸੋਹਲ ਹੋਰਾਂ ਨੇ ਕੀਰਤਨ ਕੀਤਾ। ਸ. ਰਣਜੀਤ ਸਿੰਘ ਜੀ ਨੇ ਬਕਾਇਦਾ ਸੰਗੀਤ ਸਿਖਿਆ ਪ੍ਰਾਪਤ ਕੀਤੀ ਹੋਈ ਹੈ ਅਤੇ ਕਈ ਸਾਜ਼ਾਂ ਦੇ ਵਜਾਉਣ ਵਿਚ ਵੀ ਮਹਾਰਤ ਰਖਦੇ ਹਨ ਸ੍ਰੀ ਗੁਰੂ ਹਰਿਗੋਬਿੰਦ ਸੰਗੀਤ ਸਭਾ ਦੀ ਉਹ ਜਿੰਦ ਜਾਨ ਹਨ। ਉਹਨਾਂ ਨੇ ਆਪਣੇ ਸਾਥੀਆਂ ਨਾਲ ਮਿਲਕੇ ਕੀਰਤਨ ਕਰਨਾ, ਨਵੀਆਂ ਧੁਨਾਂ ਉਪਜਾਉਣੀਆਂ ਅਤੇ ਕੀਰਤਨ ਲਈ ਪ੍ਰੇਰਨਾ ਕਰਨੀ ਤੇ ਗੁਰੂ ਘਰ ਨਾਲ ਜੋੜਨਾ ਉਨ੍ਹਾਂ ਨੂੰ ਵਿਰਾਸਤ 'ਚੋਂ ਮਿਲਿਆ ਹੈ। ਭਾਈ ਰਣਜੀਤ ਸਿੰਘ ਜੀ ਨੂੰ ਇਹ ਸ਼ਬਦ ਜਿਸ ਵਜਦ ਵਿਚ ਡੁਬ ਕੇ ਗਾਇਨ ਕੀਤਾ ਉਹ ਵੀ ਅਕਹਿ ਹੈ।

ਸਾਧੂ ਸੰਗਿ ਸਿਖਾਇਓ ਨਾਮ ॥
ਸਰਬ ਮਨੋਰਥ ਪੂਰਨ ਕਾਮ ॥

ਬੁਝ ਗਈ ਤ੍ਰਿਸਨਾ ਹਰ ਜਸਹਿ ਅਘਾਨੇ ॥
ਜਪਿ ਜਪਿ ਜੀਵਾ ਸਾਰਿੰਗ ਪਾਨੇ ।੧।
ਕਰਨ ਕਰਾਵਨ ਸਰਨਿ ਪਰਿਆ ॥
ਗੁਰ ਪ੍ਰਸਾਦਿ ਸਹਜ ਘਰ ਪਾਇਆ ॥
ਮਿਟਿਆ ਅੰਧੇਰਾ ਚੰਦ ਚੜਿਆ ॥ ਰਹਾਉ
ਲਾਲ ਜਵਾਹਰ ਭਰੇ ਭੰਡਾਰ ॥
ਤੋਟਿ ਨ ਆਵੈ ਜਪਿ ਨਿਰੰਕਾਰ ॥
ਅੰਮ੍ਰਿਤ ਸਬਦੁ ਪੀਵੈ ਜਨੁ ਕੋਇ ॥
ਨਾਨਕ ਤਾਕੀ ਪਰਮਗਤਿ ਹੋਇ ॥੨।

ਆਸਾ ਮਹਲਾ ੫ ਦੁਪਦਾ ੧

ਕੀਰਤਨ ਦੀ ਸਮਾਪਤੀ ਉਪਰੰਤ ਸੰਗਤਾਂ ਅਰਦਾਸ ਵਿਚ ਜੁੜ ਗਈਆਂ। ਸਤਿਗੁਰ ਦੇ ਸਨਮੁਖ ਗੁਪਤ ਤੇ ਪ੍ਰਤਖ ਜੋਦੜੀਆਂ ਹੋ ਰਹੀਆਂ ਸਨ। ਇਸ ਅਸਥਾਨ ਦੇ ਮਾਹੌਲ ਤੋਂ ਵਿਛੜਣ ਨੂੰ ਭਾਵੇਂ ਕਿਸੇ ਦਾ ਵੀ ਜੀਅ ਨਹੀਂ ਸੀ ਕਰਦਾ, ਪਰ ਸਮਾਂ ਬਲਵਾਨ ਹੇ। ਸਮੇਂ ਦੇ ਰੱਥ ਨੂੰ ਕੌਣ ਰੋਕ ਸਕਦਾ ਹੈ? ਇਕ ਬੰਦਨਾ, ਇਕ ਅਰਜੋਈ, ਇਕ ਤਕਣੀ ਪਿਛੋਂ ਨਮਸਕਾਰ ਕਰਕੇ ਮੈਂ ਇਕੱਲਿਆਂ ਹੀ ਪਰਬਤਾਂ ਦੇ ਇਸ ਮਹਾਨ ਪਵਿੱਤਰ ਗੁਰਧਾਮ ਤੋਂ ਉਤਰਨਾ ਸ਼ੁਰੂ ਕਰ ਦਿੱਤਾ। ਮੇਰੇ ਮਨ ਵਿਚ ਭਾਈ ਵੀਰ ਸਿੰਘ ਜੀ ਦੇ ਉਹ ਬੋਲ ਗੂੰਜਣ ਲਗੇ ਜਿਹੜੇ ਉਨ੍ਹਾਂ ਨੇ ਕਿਸੇ ਵੇਲੇ ਕਸ਼ਮੀਰ ਦੀ ਸੁੰਦਰਤਾ ਤੋਂ ਵਿਛੜਣ ਲਗਿਆਂ ਉਚਾਰ ਸਨ :

ਸੁਹਣਿਆਂ ਤੋਂ ਜਦ ਵਿਛੜਨ ਲਗੀਏ
ਦਿਲ ਦਿਲਗੀਰੀ ਖਾਵੇ.....
ਮਟਕ-ਹਿਲੋਰਾ ਛੁਹ ਤੇਰੀ ਦਾ, ਜੋ ਰੂਹ ਸਾਡੀ ਲੀਤਾ
ਖੇੜੇ ਵਾਲੀ ਮਸਤੀ ਦੇ ਰਿਹਾ, ਨਾਲ ਨਾਲ ਪਿਆ ਜਾਵੇ।

# ਰਾਗ ਤਿਲੰਗ

ਸੁਰਿੰਦਰ ਸਿੰਘ ਧਰਮਕੋਟ

## ਤਾਲ ਦਾਦਰਾ

| × | | | 0 | | | × | | | 0 | | |
|---|---|---|---|---|---|---|---|---|---|---|---|
| | | | | | ਅਸਥਾਈ | | | | | | |
| ਮ | ਪ | — | ਗ | ਮ | ਸਂ | ਨਸਂ | ਨਸਂ | ਨ਼ | ਪ | ਗ | ਮ |
| ਮੀ | ਰਾਂ | ऽ | ਦਾ | ਨਾਂ | ऽ | ਦਿऽ | ऽऽ | ਲ | ऽ | ਸੋ | ਚ |
| ਨ਼ | ਨ਼ | ਪ | ਨ | ਸਂ | — | ਗਂ | ਸਂ | ਮਂ | ਗਂ | ਸਂ | — |
| ਮੁ | ਹ | ऽ | ਬ | ਤੇ | ऽ | ਮਨਿ | ਤ | ਨਿ | ਬ | ਸੇ | ऽ |
| ਗਂਸ | ਗਂਸਂ | ਨ਼ਪ | ਸਂ | — | ਸਂ | ਨਸਂ | ਨਸਂ | ਨ਼ | ਪ | ਗ | ਮ |
| ਸऽ | ਚੁऽ | ऽऽ | ਸਾ | ऽ | ਹ | ਬੰऽ | ऽऽ | ਦੀ | ऽ | ਮੇ | ਚ |
| | | | | | ਅੰਤਰਾ | | | | | | |
| ਸਂ | — | ਸਂ | ਨ਼ | ਪ | ਪ | ਨ਼ | ਮ | ਪ | ਨ | ਸਂ | ਸਂ |
| ਦੀ | ऽ | ਦ | ਨੇ | ऽ | ਦੀ | ਦਾ | ऽ | ਰ | ਸਾ | ਹਿ | ਬ |
| ਗਂ | ਸਂ | ਮਂ | ਗਂ | ਸਂ | — | ਗਂਸਂ | ਗਂਸਂ | ਨ਼ਪ | ਨ | ਸਂ | ਸਂ |
| ਕ | ऽ | ਛੁ | ਨ | ਹੀ | ऽ | ਇਸ | ਕਾऽ | ऽऽ | ਮੋ | ऽ | ਲੁ |
| ਸਂਗਂ | ਮਂ | ਮਂ | ਗਂਸਂ | ਨ਼ਪ | ਪ | ਨ਼ਮ | ਪਨ਼ | ਪਨ | ਸਂ | — | — |
| ਪਾऽ | ऽ | ਕ | ਪਰ | ਵऽ | ਦ | ਗਾऽ | ऽऽ | ਰऽ | ਤੁ | ऽ | ऽ |
| ਸਂਗਂ | ਗਂ | ਗਂ | ਗਂਮਂ | ਪਂ | ਗਂ | ਮਂ | — | — | — | ਪਂਗਂ | ਮਂਸਂ |
| ਖੁਦ | ਖਸ | ਮੁ | ਵऽ | ਡਾ | | ਤੇ | ऽ | ऽ | ऽ | ऽऽ | ऽਲੁ |
| ਗਂਸਂ | ਗਂਸ | ਨ਼ਪ | ਸਂ | ਸਂ | ਸਂ | ਨਸਂ | ਨਸਂ | ਨ਼ | ਪ | ਗ | ਮ |
| ਖੁऽ | ਦਿऽ | ऽऽ | ਖ | ਸ | ਮੁ | ਵऽ | ऽऽ | ਡਾ | ਅ | ਤੋ | ਲੁ |

**ਸਧਾਰਨ ਜਾਣ-ਪਛਾਣ :** ਰਾਗ ਤਿਲੰਗ ਖਮਾਜ ਥਾਟ ਦਾ ਰਾਗ ਹੈ। ਇਸ ਦੇ ਆਰੋਹੀ ਵਿੱਚ ਨੀ ਸ਼ੁੱਧ ਅਤੇ ਅਵਰੋਹੀ ਵਿੱਚ ਨ਼ੀ ਕੋਮਲ ਤੇ ਬਾਕੀ ਸੁਰ ਸ਼ੁੱਧ ਲਗਦੇ ਹਨ। ਆਰੋਹੀ ਅਤੇ ਅਵਰੋਹੀ ਵਿੱਚ ਰੇ ਅਤੇ ਧਾ ਸੁਰ ਵਰਜਿਤ ਹੋਣ ਕਰਕੇ ਇਸ ਦੀ ਔਡਵ-ਔਡਵ ਜਾਤੀ ਮੰਨਦੇ ਹਨ। ਗਾ ਵਾਦੀ ਤੇ ਨੀ ਸੰਵਾਦੀ ਸੁਰ ਹੈ। ਇਸ ਦਾ ਸਮ ਰਾਤ ਦੂਜਾ ਪਹਿਰ ਹੈ।

ਆਰੋਹੀ : ਸਾ ਗਾ ਮਾ ਪਾ ਨੀ ਸਾਂ।

ਅਵਰੋਹੀ : ਸਾਂ ਨ਼ੀ ਪਾ ਮਾ ਗਾ ਸਾ।

ਪਕੜ : ਨ਼ੀ ਪਾ, ਗਾ ਮਾ ਗਾ, ਮਾ ਗਾ।

ਤਿਲੰਗ ਮਹਲਾ ੫ ॥ ਮੀਰਾਂ ਦਾਨਾਂ ਦਿਲ ਸੋਚ ॥ ਮੁਹਬਤੇ ਮਨਿ ਤਨਿ ਬਸੈ ਸਚੁ ਸਾਹ ਬੰਦੀ ਮੋਚ ॥ ੧ ॥ ਰਹਾਉ ॥ ਦੀਦਨੇ ਦੀਦਾਰ ਸਾਹਿਬ ਕਛੁ ਨਹੀ ਇਸ ਕਾ ਮੋਲੁ ॥ ਪਾਕ ਪਰਵਦਗਾਰ ਤੂ ਖੁਦਿ ਖਸਮੁ ਵਡਾ ਅਤੋਲੁ ॥ ੧ ਦਸਤਗੀਰੀ ਦੇਹਿ ਦਿਲਾਵਰ ਤੂਹੀ ਤੂਹੀ ਏਕ ॥ ਕਰਤਾਰ ਕਦਰਤਿ ਕਰਣ ਖਾਲਕ ਨਾਨਕ ਤੇਰੀ ਟੇਕ ॥ ੨ ੫ ॥ [ਪੰਨਾ ੭੨੪]

**ਅਰਥ :** ਹੇ ਸਰਦਾਰ ! ਹੇ ਸਿਆਣੇ ! (ਜੀਵਾਂ ਦੇ) ਦਿਲਾਂ ਨੂੰ ਪਵਿਤਰ ਕਰਨ ਵਾਲੇ ! ਹੇ ਸਦਾ-ਥਿਰ ਸ਼ਾਹ ! ਹੇ ਬੰਦਨਾਂ ਤੋਂ ਛੁਡਾਣ ਵਾਲੇ ! ਤੇਰੀ ਮੁਹੱਬਤ ਮੇਰੇ ਮਨ ਵਿਚ ਮੇਰੇ ਹਿਰਦੇ ਵਿਚ ਵੱਸ ਰਹੀ ਹੈ। ੧। ਰਹਾਉ।

ਹੇ ਮਾਲਕ ! ਤੇਰਾ ਦਰਸਨ ਕਰਨਾ (ਇਕ ਅਮੋਲਕ ਦਾਤਿ ਹੈ), ਤੇਰੇ ਇਸ (ਦਰਸਨ) ਦਾ ਕੋਈ ਮੁੱਲ ਨਹੀਂ ਕੀਤਾ ਜਾ ਸਕਦਾ। ਹੇ ਪਵਿਤਰ ! ਹੇ ਪਾਲਣਹਾਰ ! ਤੂੰ ਆਪ (ਸਾਡਾ) ਖਸਮ ਹੈਂ ਤੂੰ ਸਭ ਤੋਂ ਵਡਾ ਹੈਂ, ਤੇਰੀ ਵਡੀ ਹਸਤੀ ਨੂੰ ਤੋਲਿਆ ਨਹੀਂ ਜਾ ਸਕਦਾ। ੧।

ਹੇ ਸੂਰਮੇ ਪ੍ਰਭੂ ! ਮੇਰੀ ਸਹਾਇਤਾ ਕਰ, ਇਕ ਤੂੰ ਹੀ (ਮੇਰਾ ਆਸਰਾ) ਹੈਂ ਹੇ ਨਾਨਕ ! (ਆਖ) ਹੇ ਕਰਤਾਰ ! ਹੇ ਕੁਦਰਤਿ ਦੇ ਰਚਨਹਾਰ ! ਹੇ ਖ਼ਲਕਤ ਦੇ ਮਾਲਕ ! ਮੈਨੂੰ ਤੇਰਾ ਸਹਾਰਾ ਹੈ। ੨। ੫।

# ਮਹਾਨ ਕੀਰਤਨੀਏ-ਭਾਈ ਸਮੁੰਦ ਸਿੰਘ ਜੀ

—G. S. Sardar
Principal Sangeet Mahavidyala
Old Rajinder Nagar, New Delhi.

ਸੰਸਾਰ ਵਿਚ ਬਹੁਤ ਘੱਟ ਮਨੁੱਖ ਐਸੇ ਹੁੰਦੇ ਹਨ ਜੋ ਕਿ ਆਪਣੇ ਨਾਮ ਨੂੰ ਆਪਣੇ ਜੀਵਨ ਜਿਊਣ ਦੇ ਢੰਗ ਰਾਹੀਂ ਸਾਹਬਕ ਕਰਦੇ ਹਨ। ਅਜਿਹੇ ਵਿਅਕਤੀ ਪ੍ਰਭੂ ਦੀ ਵਿਸ਼ੇਸ਼ ਕ੍ਰਿਪਾ ਦੇ ਪਾਤਰ ਹੁੰਦੇ ਹਨ ਨਹੀਂ ਤਾਂ ਬਹੁਤੇ ਲੋਕ 'ਮਨ ਅੰਧਾ ਨਾਓ ਸੁਜਾਣ' ਵਾਲੀ ਅਵਸਥਾ ਵਿਚ ਵਿਚਰਦੇ ਹਨ। ਭਾਈ ਸਾਹਿਬ ਰਾਗੀ ਸਮੁੰਦ ਸਿੰਘ ਜੀ ਆਪਣੇ ਨਾਮ ਦੇ ਅਨੁਰੂਪ ਗੁਣਾਂ ਦੇ ਸਾਗਰ ਵਾਂਗ ਸਨ। ਜਿਥੇ ਆਪ ਰਾਗ ਵਿਦਿਆ ਦੇ ਮਾਹਿਰ ਸਨ। ਉਥੇ ਨਾਲ ਹੀ ਗੁਰਬਾਣੀ ਦੀ ਬਹੁਤ ਸੋਝੀ ਰਖਦੇ ਸਨ। ਆਪ ਨੂੰ ਕਾਫੀ ਗੁਰਬਾਣੀ ਕੰਠ ਸੀ ਤੇ ਆਪ ਦਾ ਉਚਾਰਣ ਇਤਨਾ ਸ਼ੁਧ ਸੀ ਕਿ ਸ਼ਾਇਦ ਕਿਸੇ ਵਿਰਲੇ ਰਾਗੀ ਸਿੰਘ ਦਾ ਉਚਾਰਣ ਇਤਨਾ ਸ਼ੁਧ ਹੋਵੇ।

ਭਾਈ ਸਾਹਿਬ ਦਾ ਜਨਮ 3 ਮਾਰਚ ਸੰਨ 1900 ਈ ਨੂੰ ਜ਼ਿਲਾ ਮਿੰਟਗੁਮਰੀ (ਜੋ ਹੁਣ ਪਾਕਿਸਤਾਨ ਵਿਚ ਹੈ) ਵਿਖੇ ਹੋਇਆ। ਉਨ੍ਹਾਂ ਦੇ ਪਿਤਾ ਦਾ ਨਾਮ ਭਾਈ ਹਜ਼ੂਰ ਸਿੰਘ ਰਾਗੀ ਸੀ। ਸੰਗੀਤ ਦੀ ਸਿਖਿਆ ਆਪ ਜੀ ਨੂੰ ਆਪਣੇ ਪਿਤਾ ਜੀ ਪਾਸੋਂ ਵਿਰਸੇ ਵਿਚ ਮਿਲੀ। ਬਾਦ ਵਿਚ ਪ੍ਰਸਿਧ ਰਾਗੀ ਭਾਈ ਹੀਰਾ ਸਿੰਘ ਜੀ ਅਤੇ ਆਪਣੇ ਸਮੇਂ ਦੇ ਮਹਾਨ ਕੀਰਤਨੀਏ ਭਾਈ ਸ਼ੇਰ ਸਿੰਘ ਜੀ ਤੋਂ ਵੀ ਆਪਨੇ ਸੰਗੀਤ ਦੀ ਸਿਖਿਆ ਪ੍ਰਾਪਤ ਕੀਤੀ। ਮੈਂ ਖੁਦ ਇਕ ਸੰਗੀਤਕਾਰ ਹੋਣ ਦੇ ਨਾਤੇ, ਭਾਈ ਸਮੁੰਦ ਸਿੰਘ ਜੀ ਦੇ ਜੀਵਨ ਵਿਚੋਂ ਸੰਗੀਤ ਨਾਲ ਸੰਬੰਧਿਤ ਪਹਿਲੂਆਂ ਤੇ ਹੀ ਰੌਸ਼ਨੀ ਪਾਉਣ ਦਾ ਯਤਨ ਕੀਤਾ ਹੈ।

ਜਿਸ ਤਰ੍ਹਾਂ ਕਿ ਕਹਾਵਤ ਹੈ "ਹੋਨਹਾਰ ਬਿਰਵਾਨ ਕੇ ਹੋਤ ਚੀਕਨੇ ਪਾਤ" ਭਾਈ ਸਾਹਿਬ ਦੇ ਗੁਣ ਬਚਪਨ ਵਿਚ ਹੀ ਉਜਾਗਰ ਹੋ ਗਏ ਸਨ। ਆਪ ਬਚਪਨ ਵਿਚ ਹੀ ਰਸ ਭਰੇ ਕੀਰਤਨ ਦੁਆਰਾ ਕਾਕਾ ਸਮੁੰਦ ਸਿੰਘ ਨਨਕਾਣਾ ਸਾਹਿਬ ਵਾਲੇ ਦੇ ਨਾਮ ਇਤਨੇ ਪ੍ਰਸਿਧ ਹੋ ਗਏ ਸਨ ਕਿ ਵੱਡੇ ਵੱਡੇ ਰਾਗੀ ਵੀ ਇਨ੍ਹਾਂ ਤੋਂ ਈਰਖਾ ਕਰਨ ਲਗੇ। ਪਰ ਅਕਾਲ ਪੁਰਖ ਦੀ ਕ੍ਰਿਪਾ ਅਤੇ ਭਾਈ ਸਾਹਿਬ ਦੀ ਲਗਨ ਸਦਕਾ ਆਪ ਜੀ ਦੇ ਕੀਰਤਨ ਵਿਚ ਜੋ ਰਸ, ਮਿਠਾਸ ਤੇ ਅਸਰ ਸੀ, ਉਸ ਨਾਲ ਸੁਣਨ ਵਾਲਾ ਹਰ ਇਕ ਪ੍ਰਾਣੀ ਮੰਤ੍ਰ-ਮੁਗਧ ਹੋ ਜਾਂਦਾ ਸੀ। ਮੈਨੂੰ ਆਪ ਜੀ ਪਾਸੋਂ ਕੀਰਤਨ ਸ੍ਰਵਣ ਕਰਨ ਦਾ ਸੁਭਾਗ ਪਹਿਲੀ ਵਾਰ ਸੰਨ 1934 ਵਿਚ ਪ੍ਰਾਪਤ ਹੋਇਆ। ਸੁਰਾਂ ਦੀ ਸ਼ੁੱਧਤਾ, ਗੁਰਬਾਣੀ ਦਾ ਸ਼ੁੱਧ ਉਚਾਰਣ, ਗਲੇ ਦੀ ਤਿਆਰੀ ਤੇ ਲਯਕਾਰੀ ਦਾ ਚਮਤਕਾਰ ਸੁਣਕੇ ਮੇਰੇ ਮਨ ਤੇ ਐਸਾ ਅਸਰ ਹੋਇਆ ਕਿ ਜਿਥੇ ਵੀ ਆਪਜੀ ਦਾ ਕੀਰਤਨ ਸੁਣਨ ਦਾ ਮੌਕਾ ਮਿਲਦਾ, ਮੈਂ ਦੀਵਾਨਾ ਹੋਇਆ ਉਥੇ ਪਹੁੰਚ ਜਾਂਦਾ। ਆਪ ਜੀ ਦੇ ਕੀਰਤਨ ਪ੍ਰਗ੍ਰਾਮ ਲਾਹੌਰ ਅਤੇ ਹੋਰ

ਰੇਡੀਓ ਸਟੇਸ਼ਨਾਂ ਤੋਂ ਲਗਭਗ 36 ਸਾਲ ਬਰਾਡਕਾਸਟ ਹੁੰਦੇ ਰਹੇ। ਮੂਲ ਰੂਪ ਵਿਚ ਆਪ ਨਨਕਾਣਾ ਸਾਹਿਬ ਵਿਖੇ ਹਜ਼ੂਰ ਰਾਗੀ ਦੇ ਤੌਰ ਤੇ ਸੇਵਾ ਕਰਦੇ ਰਹੇ। ਦੇਸ਼ ਦੀ ਵੰਡ ਤੋਂ ਬਾਦ ਆਪ ਲੁਧਿਆਣੇ ਆ ਗਏ ਤੇ ਜਲੰਧਰ ਰੇਡਿਓ ਤੋਂ ਆਪ ਦੇ ਪ੍ਰੋਗ੍ਰਾਮ ਬਰਾਡਕਾਸਟ ਹੁੰਦੇ ਰਹੇ। ਆਪ ਜੀ ਦਰਬਾਰ ਸਾਹਿਬ ਵਿਖੇ ਵੀ ਕੀਰਤਨ ਦੀ ਹਾਜ਼ਰੀ ਭਰਦੇ ਰਹੇ।

ਆਪ ਜੀ ਦੇ ਕੀਰਤਨ ਗਾਇਨ ਵਿਚ ਰਬਾਬੀਆਂ ਦਾ ਅਸਰ ਝਲਕਦਾ ਸੀ ਤੇ ਆਪ ਹਮੇਸ਼ਾਂ ਕੀਰਤਨ ਪੁਰਾਤਨ ਰੀਤਾਂ ਅਨੁਸਾਰ ਕਰਦੇ ਸਨ। ਪਰੰਤੂ ਰਬਾਬੀ ਅੰਗ, ਗਲੇ ਦੀ ਸਫਾਈ ਅਤੇ ਆਵਾਜ਼ ਦੀ ਮਿਠਾਸ ਦੇ ਸੁਮੇਲ ਨਾਲ ਇਕ ਐਸਾ ਰਸ-ਭਰਿਆ ਨਵਾਂ ਢੰਗ (New styte) ਸਿਰਜਿਆ ਕਿ ਹਰ ਵਰਗ ਤੇ ਜਾਤ ਦਾ ਸ਼ਰਧਾਲੂ ਆਪ ਜੀ ਦੁਆਰਾ ਗਾਏ ਕੀਰਤਨ ਵਲ ਖਿਚਿਆ ਜਾਂਦਾ ਸੀ। ਦੇਸ਼ ਦੀ ਵੰਡ ਤੋਂ ਬਾਦ ਵੀ ਪਾਕਿਸਤਾਨੀ ਲੋਕ ਉਨ੍ਹਾਂ ਦਾ ਕੀਰਤਨ ਜਲੰਧਰ ਰੇਡੀਓ ਤੋਂ ਬਹੁਤ ਸ਼ੌਕ ਨਾਲ ਸੁਣਦੇ ਰਹੇ। ਰਾਗ, ਬਹਾਰ, ਭੈਰਵੀ, ਪਹਾੜੀ, ਮਾਝ ਅਤੇ ਸੋਰਿਠ ਆਪ ਜੀ ਨੂੰ ਬਹੁਤ ਪ੍ਰਿਆ ਸਨ। ਨਾਨਕ ਨਾਮ ਜਹਾਜ ਫਿਲਮ ਵਿਚ ਰਾਗ ਬਹਾਰ ਵਿਚ "ਕਲਿ ਤਾਰਣ ਗੁਰ ਨਾਨਕ ਆਇਆ" ਤੇ ਰਾਗ ਭੈਰਵੀ ਵਿਚ "ਮਿਟੀ ਧੁੰਦ ਜਗ ਚਾਨਣ ਹੋਇਆ" ਆਪ ਜੀ ਨੇ ਗਾਇਨ ਕੀਤੇ ਸਨ, ਜੋ ਕਿ ਘਰ ਘਰ ਵਿਚ ਰਿਕਾਰਡਾਂ ਰਾਹੀਂ ਸੁਣੇ ਤੇ ਗਾਏ ਜਾਂਦੇ ਰਹੇ। ਆਪ ਨੇ ਰੇਡਿਓ ਤੋਂ ਸਭ ਤੋਂ ਵਧ ਮਹਤਵਪੂਰਣ ਨੈਸ਼ਨਲ ਪ੍ਰੋਗਰਾਮ ਵਿਚ ਵੀ ਪ੍ਰੋਗਰਾਮ ਦਿਤਾ। ਪੰਜਾਬ ਸਰਕਾਰ ਨੇ ਇਨ੍ਹਾਂ ਦੀਆਂ ਸੰਗੀਤ ਪ੍ਰਤੀ ਸੇਵਾਵਾਂ ਨੂੰ ਸਤਿਕਾਰਦੇ ਹੋਏ ਸਰਕਾਰ ਵਲੋਂ ਵੀ ਸਨਮਾਨਤ ਕੀਤਾ ਗਿਆ ਤੇ ਭਾਈ ਮਰਦਾਨਾ ਅਵਾਰਡ ਵੀ ਦਿਤਾ ਗਿਆ। ਜੀਵਨ ਵਿਚ ਸੰਗੀਤ ਦੇ ਖੇਤਰ ਵਿਚ ਉਨ੍ਹਾਂ ਦੀਆਂ ਪ੍ਰਾਪਤੀਆਂ ਤੇ ਉਨ੍ਹਾਂ ਦੀ ਦੇਣ ਕਾਰਨ ਜੋ ਮਾਣ ਸਤਿਕਾਰ ਉਨ੍ਹਾਂ ਨੂੰ ਮਿਲਿਆਂ, ਉਹ ਬਹੁਤ ਘੱਟ ਲੋਕਾਂ ਨੂੰ ਹੀ ਮਿਲਦਾ ਹੈ। ਹਰ ਕੀਰਤਨ ਕਰਨ ਵਾਲੇ ਲਈ, ਕੀਰਤਨ ਸੁਣਨ ਵਾਲੇ ਗੁਰਬਾਣੀ ਦੇ ਰਸੀਆਂ ਲਈ ਤੇ ਸੰਗੀਤ ਪ੍ਰੇਮੀਆਂ ਦੀ ਨਜ਼ਰ ਵਿਚ ਉਹ ਉੱਚ ਕੋਟੀ ਦੇ ਸਨਮਾਨ ਯੋਗ ਸ਼ਖਸ਼ੀਅਤ ਸਨ।

ਆਪ ਜੀ ਦੇ ਗਾਇਨ ਕੀਤੇ ਸ਼ਬਦਾਂ ਦੇ ਦੋ ਐਲ ਪੀ ਰਿਕਾਰਡ ਪੰਜਾਬ ਐਂਡ ਸਿੰਧ ਬੈਂਕ ਵਲੋਂ ਰਿਲੀਜ਼ ਕੀਤੇ ਗਏ ਹਨ ਜੋ ਕਿ ਸੰਗੀਤ ਤੇ ਕੀਰਤਨ ਪ੍ਰੇਮੀਆਂ ਲਈ ਇਕ ਅਨਮੋਲ ਭੇਂਟ ਹੈ। ਭਾਈ ਸਾਹਿਬ ਵਰਗੇ ਸੰਗੀਤ ਦੀ ਲਗਨ ਰਖਣ ਵਾਲੇ, ਮੇਹਨਤ ਕਰਨ ਵਾਲੇ ਤੇ ਗੁਰਮੁਖਾਂ ਵਾਲਾ ਜੀਵਨ ਜਿਊਣ ਵਾਲੇ ਮਾਨਯੋਗ ਪੁਰਖ ਵਹਿਗੁਰੂ ਕਦੇ ਕਦੇ ਹੀ ਧਰਤੀ ਤੇ ਭੇਜਦਾ ਹੈ। ਆਪ ਜੀ ਨੇ ਸੰਗੀਤ ਕਲਾ ਰਾਹੀਂ ਨਾ ਕੇਵਲ ਕੀਰਤਨ ਸੁਣਨ ਵਾਲਿਆਂ ਨੂੰ ਬਲਕਿ ਸ਼ਾਸਤਰੀ ਸੰਗੀਤ ਦੇ ਸਰੋਤਿਆਂ ਨੂੰ ਮੋਹ ਲਿਆ ਸੀ। ਆਪ ਜੀ ਦੇ ਅਕਾਲ-ਚਲਾਣੇ ਤੋਂ ਬਾਦ ਇਕ ਅਜਿਹੀ ਥਾਂ ਖਾਲੀ ਹੋ ਗਈ ਹੈ, ਜਿਸਨੂੰ ਸ਼ਾਇਦ ਹੀ ਕੋਈ ਨੇੜੇ-ਭਵਿਖ ਵਿਚ ਭਰ ਸਕੇ।

—